ਜੰਗਨਾਮਾ
ਸਿੰਘਾਂ ਤੇ ਫਰੰਗੀਆਂ

ਸ਼ਾਹ ਮੁਹੰਮਦ

ਡਾ. ਰਤਨ ਸਿੰਘ ਜੱਗੀ

ਪਬਲੀਕੇਸ਼ਨ ਬਿਊਰੋ
ਪੰਜਾਬੀ ਯੂਨੀਵਰਸਿਟੀ ਪਟਿਆਲਾ

ਸ਼ਾਹ ਮੁਹੰਮਦ ਕ੍ਰਿਤ

ਜੰਗਨਾਮਾ ਸਿੰਘਾਂ ਤੇ ਫ਼ਿਰੰਗੀਆਂ

ਸੰਪਾਦਕ

ਡਾ. ਰਤਨ ਸਿੰਘ ਜੱਗੀ

ਪਬਲੀਕੇਸ਼ਨ ਬਿਊਰੋ

ਪੰਜਾਬੀ ਯੂਨੀਵਰਸਿਟੀ, ਪਟਿਆਲਾ

©
ਪੰਜਾਬੀ ਸਾਹਿਤ ਅਧਿਐਨ ਵਿਭਾਗ,
ਪੰਜਾਬੀ ਯੂਨੀਵਰਸਿਟੀ, ਪਟਿਆਲਾ

JANGNAMA SINGHAN TE FIRANGIAN

edited by
DR. RATTAN SINGH JAGGI
*Prof. & Head, Department of Punjabi Literary Studies,
Punjabi University, Patiala.*

ਪਹਿਲੀ ਵਾਰ : 1981
ਮੁੱਲ : 1.85

ਸਰਦਾਰ ਗੁਰਬਚਨ ਸਿੰਘ ਐਮ.ਐਸ-ਸੀ., ਰਜਿਸਟਰਾਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੇ ਪ੍ਰਕਾਸ਼ਿਤ ਕੀਤੀ ਅਤੇ ਜੀ. ਐਸ. ਪ੍ਰਿੰਟਰਜ਼, ਡਾਕਟਰ ਗੁਜਰਮਲ ਰੋਡ, ਲੁਧਿਆਣਾ ਵਿਖੇ ਛਪੀ।

ਦੋ ਸ਼ਬਦ

ਪੰਜਾਬੀ ਯੂਨੀਵਰਸਿਟੀ ਦੀ ਸਥਾਪਨਾ ਦਾ ਪ੍ਰਮੁਖ ਉੱਦੇਸ਼ ਪੰਜਾਬੀ ਭਾਸ਼ਾ, ਸਾਹਿੱਤ ਅਤੇ ਸਭਿਆਚਾਰ ਦੀ ਉੱਨਤੀ ਕਰਨਾ ਹੈ। ਇਸ ਉੱਦੇਸ਼ ਦੀ ਪੂਰਤੀ ਲਈ ਸ਼ੁਰੂ ਤੋਂ ਹੀ ਕਈ ਪ੍ਰਕਾਰ ਦੀਆਂ ਯੋਜਨਾਵਾਂ 'ਤੇ ਕੰਮ ਕੀਤਾ ਜਾ ਰਿਹਾ ਹੈ। ਇਨ੍ਹਾਂ ਯੋਜਨਾਵਾਂ ਵਿਚੋਂ ਇਕ ਯੋਜਨਾ ਪੰਜਾਬ ਦੀਆਂ ਮਹੱਤਵਪੂਰਣ ਹਸਤੀਆਂ ਦੀਆਂ ਸ਼ਤਾਬਦੀਆਂ ਮਨਾਉਣਾ ਹੈ। ਇਸ ਯੋਜਨਾ ਅਧੀਨ ਗੁਰੂ ਗੋਬਿੰਦ ਸਿੰਘ ਜੀ ਦੀ ਤੀਜੀ ਜਨਮ-ਸ਼ਤਾਬਦੀ, ਗੁਰੂ ਨਾਨਕ ਦੇਵ ਜੀ ਦੀ ਪੰਜਵੀਂ ਜਨਮ-ਸ਼ਤਾਬਦੀ, ਗੁਰੂ ਤੇਗ ਬਹਾਦਰ ਜੀ ਦੀ ਤੀਜੀ ਸ਼ਹੀਦੀ-ਸ਼ਤਾਬਦੀ, ਗੁਰੂ ਅਮਰਦਾਸ ਜੀ ਦੀ ਪੰਜਵੀਂ ਜਨਮ-ਸ਼ਤਾਬਦੀ, ਭਾਈ ਵੀਰ ਸਿੰਘ ਦੀ ਪਹਿਲੀ ਜਨਮ-ਸ਼ਤਾਬਦੀ, ਪ੍ਰੋ. ਪੂਰਨ ਸਿੰਘ ਦੀ ਪਹਿਲੀ ਜਨਮ-ਸ਼ਤਾਬਦੀ, ਭਾਈ ਮੋਹਨ ਸਿੰਘ ਵੈਦ ਦੀ ਪਹਿਲੀ ਜਨਮ-ਸ਼ਤਾਬਦੀ, ਮਹਾਰਾਜਾ ਰਣਜੀਤ ਸਿੰਘ ਦੀ ਦੂਜੀ ਜਨਮ-ਸ਼ਤਾਬਦੀ ਆਦਿ ਨੂੰ ਬੜੇ ਢੁੱਕਵੇਂ ਢੰਗ ਨਾਲ ਉਤਸਾਹ ਸਹਿਤ ਮਨਾਇਆ ਜਾ ਚੁੱਕਿਆ ਹੈ। ਇਨ੍ਹਾਂ ਅਵਸਰਾਂ 'ਤੇ ਅਨੇਕਾਂ ਪੁਸਤਕਾਂ ਦਾ ਪ੍ਰਕਾਸ਼ਨ ਵੀ ਕੀਤਾ ਗਿਆ ਹੈ।

ਹੱਥਲੀ ਪੁਸਤਕ ਦੇ ਪ੍ਰਕਾਸ਼ਨ ਦਾ ਸੰਬੰਧ ਮਹਾਰਾਜਾ ਰਣਜੀਤ ਸਿੰਘ ਦੀ ਦੂਜੀ ਸ਼ਤਾਬਦੀ ਨਾਲ ਹੈ। ਇਸ ਅਵਸਰ 'ਤੇ ਪੰਜਾਬੀ ਯੂਨੀਵਰਸਿਟੀ ਨੇ ਦਸ ਪੁਸਤਕਾਂ ਅਤੇ ਕੁਝ ਪਤ੍ਰਿਕਾਵਾਂ ਦੇ ਵਿਸ਼ੇਸ਼ ਅੰਕ ਪ੍ਰਕਾਸ਼ਿਤ ਕਰਨ ਦੀ ਯੋਜਨਾ ਬਣਾਈ ਸੀ। ਸ਼ਾਹ ਮੁਹੰਮਦ ਕ੍ਰਿਤ ਪ੍ਰਸਤੁਤ ਜੰਗਨਾਮੇ ਵਿਚ ਕਵੀ ਨੇ ਪੰਜਾਬ ਦੀ ਧਰਮ ਨਿਰਪੇਖ ਬਾਦਸ਼ਾਹੀ ਦੇ ਉੱਚ ਸਿਖਰਲੇ ਕਲਸ ਨੂੰ ਡਿਗਦੇ ਵੇਖ ਕੇ ਆਪਣੀ ਅਜਰ ਪੀੜ ਨੂੰ ਲੋਕਾਂ ਨਾਲ ਸਾਂਝੇ ਕਰਦਿਆਂ ਮਹਾਰਾਜਾ ਰਣਜੀਤ ਸਿੰਘ ਪ੍ਰਤਿ ਆਪਣੀ ਅਪਾਰ ਨਿਸ਼ਠਾ ਪ੍ਰਗਟ ਕੀਤੀ ਹੈ—'ਸ਼ਾਹ ਮੁਹੰਮਦਾ ਇਕ ਸਰਕਾਰ ਬਾਝੋਂ, ਫ਼ੌਜਾਂ ਜਿਤ ਕੇ ਅੰਤ ਨੂੰ ਹਾਰੀਆਂ ਨੀ'। ਇਸ ਜੰਗਨਾਮੇ ਦੀ ਹਰਮਨ-ਪ੍ਰਿਯਤਾ, ਇਤਿਹਾਸਿਕ ਮਹੱਤਵ, ਸਿੱਖ ਸੈਨਾ ਦੀ ਅਦੁੱਤੀ ਬਹਾਦਰੀ ਦੇ ਚਿਤ੍ਰਣ, ਆਦਿ ਪੱਖਾਂ ਨੂੰ ਵੇਖ ਕੇ ਇਸ ਦੇ ਪ੍ਰਕਾਸ਼ਨ ਦੀ ਯੋਜਨਾ ਬਣਾਈ ਗਈ ਅਤੇ ਇਸ ਦੇ ਸੰਪਾਦਨ ਦਾ ਕੰਮ ਡਾ. ਰਤਨ ਸਿੰਘ ਜੱਗੀ, ਮੁੱਖੀ, ਪੰਜਾਬੀ ਸਾਹਿੱਤ ਅਧਿਐਨ ਵਿਭਾਗ ਨੂੰ ਸੌਂਪਿਆ ਗਿਆ, ਜਿਨ੍ਹਾਂ ਨੇ ਬੜੀ ਮਿਹਨਤ ਅਤੇ ਲਗਨ ਨਾਲ ਅਨੇਕ ਪ੍ਰਕਾਸ਼ਿਤ ਅਤੇ ਅਣਪ੍ਰਕਾਸ਼ਿਤ ਸੰਸਕਰਣਾਂ ਦਾ ਮੁਕਾਬਲਾ ਕਰ ਕੇ ਪਾਠ ਦਾ ਸਹੀ ਰੂਪ ਨਿਸਚਿਤ ਕਰਨ ਦਾ ਸ਼ਲਾਘਾਯੋਗ ਯਤਨ ਕੀਤਾ ਹੈ।

ਸ਼ੇਰੇ ਪੰਜਾਬ ਦੀ ਦੂਜੀ ਜਨਮ-ਸ਼ਤਾਬਦੀ ਦੇ ਅਵਸਰ ਅਤੇ ਪੰਜਾਬੀ ਯੂਨੀਵਰਸਿਟੀ ਦੀ ਇਹ ਤੁਛ ਭੇਂਟ ਹਾਜ਼ਿਰ ਹੈ।

ਪੰਜਾਬੀ ਯੂਨੀਵਰਸਿਟੀ,
ਪਟਿਆਲਾ

ਭਗਤ ਸਿੰਘ
ਵਾਈਸ-ਚਾਂਸਲਰ

ਸੰਪਾਦਕੀ

ਪੰਜਾਬੀ ਸਾਹਿੱਤ ਦੀ ਵੀਰ ਕਾਵਿ ਪਰੰਪਰਾ ਅਤੇ ਦੇਸ਼ ਭਗਤੀ ਕਾਵਿ ਵਿਚ 'ਜੰਗਨਾਮਾ ਸਿੰਘਾਂ ਤੇ ਫ਼ਿਰੰਗੀਆਂ' ਦਾ ਮਹੱਤਵਪੂਰਣ ਸਥਾਨ ਹੈ। ਇਸ ਰਚਨਾ ਵਿਚ ਪੰਜਾਬੀਆਂ ਲਈ ਇਤਨੀ ਆਤਮੀਅਤਾ ਹੈ ਕਿ ਇਸ ਦੇ ਬਹੁਤੇ ਬੰਦ ਇਕ ਵਾਰੀ ਪੜ੍ਹਿਆਂ ਹੀ ਯਾਦ ਹੋ ਜਾਂਦੇ ਹਨ। ਇਸ ਵਿਚ ਦੇਸ਼ ਧਰੋਹੀਆਂ ਰਾਹੀਂ ਪੰਜਾਬ ਦੀ ਬਾਦਸ਼ਾਹੀ ਦੀ ਮਾਂਗ ਵਿਚ ਰਤ ਦਾ ਕੁੰਗੂ ਪਾਉਣ ਦੇ ਹਿਰਦੇ ਬੇਧਕ ਨਾਟਕ ਨੂੰ ਬੜੀ ਸਰਲ, ਪਰ ਪ੍ਰਭਾਵਸ਼ਾਲੀ ਸ਼ੈਲੀ ਵਿਚ ਚਿਤਰਿਆ ਗਿਆ ਹੈ। ਕਵੀ ਨੇ ਪੰਜਾਬ ਦੇ ਆਪਣੇ ਧਰਮ ਨਿਰਪੇਖ ਰਾਜ ਦੇ ਖੁਸਣ ਦੀ ਪੀੜ ਨੂੰ ਇਸ ਰਚਨਾ ਰਾਹੀਂ ਜਨ-ਸਾਧਾਰਣ ਨਾਲ ਸਾਂਝਾ ਕੀਤਾ ਹੈ। ਇਸ ਲਈ ਇਸ ਜੰਗਨਾਮੇ ਨੂੰ ਪ੍ਰਕਾਸ਼ਿਤ ਕਰ ਕੇ ਅਧਿਕ ਤੋਂ ਅਧਿਕ ਪਾਠਕਾਂ ਤਕ ਪਹੁੰਚਾਣ ਦੇ ਮਤਵ ਤੋਂ ਹੀ ਇਹ ਯੋਜਨਾ ਬਣਾਈ ਗਈ ਹੈ।

ਸ਼ਾਹ ਮੁਹੰਮਦ ਦੇ ਇਸ ਜੰਗਨਾਮੇ ਦੇ ਅਨੇਕ ਪਾਠ ਪ੍ਰਕਾਸ਼ਿਤ ਅਤੇ ਅਣ-ਪ੍ਰਕਾਸ਼ਿਤ ਰੂਪ ਵਿਚ ਉਪਲਬਧ ਹਨ। ਪ੍ਰਕਾਸ਼ਿਤ ਸੰਸਕਰਣ ਪੱਥਰ ਦੇ ਛਾਪੇ ਤੋਂ ਮਿਲਣੇ ਸ਼ੁਰੂ ਹੋ ਜਾਂਦੇ ਹਨ ਅਤੇ ਹੱਥ-ਲਿਖਤਾਂ ਦੇ ਰੂਪ ਵਿਚ ਵੀ ਭਾਸ਼ਾ ਵਿਭਾਗ ਦੀ ਲਾਇਬ੍ਰੇਰੀ ਅਤੇ ਸਰਕਾਰੀ ਮਹਿੰਦਰਾ ਕਾਲਜ, ਪਟਿਆਲਾ ਦੀ ਲਾਇਬ੍ਰੇਰੀ ਵਿਚ ਵੀ ਇਹ ਰਚਨਾ ਉਪਲਬਧ ਹੈ। ਇਨ੍ਹਾਂ ਸਾਰਿਆਂ ਸੰਸਕਰਣਾਂ ਵਿਚ ਪਾਠਾਂਤਰ ਮਿਲਦੇ ਹਨ। ਪਰ ਧਿਆਨ ਰਖਣਯੋਗ ਗੱਲ ਇਹ ਹੈ ਕਿ ਇਨ੍ਹਾਂ ਪਾਠਾਂਤਰ ਨਾਲ ਵਰਣਿਤ ਸਾਮਗ੍ਰੀ ਜਾਂ ਇਤਿਹਾਸਿਕ ਤੱਥਾਂ ਬਾਰੇ ਕੋਈ ਭ੍ਰਾਂਤੀ ਪੈਦਾ ਨਹੀਂ ਹੁੰਦੀ। ਫਿਰ ਵੀ ਇਹ ਯਤਨ ਕੀਤਾ ਗਿਆ ਹੈ ਕਿ ਜਿਤਨੇ ਵੀ ਪਾਠ ਇਸ ਜੰਗਨਾਮੇ ਦੇ ਉਪਲਬਧ ਹੋ ਸਕੇ ਹਨ, ਉਨ੍ਹਾਂ ਦੀ ਤੁਲਨਾ ਕਰ ਕੇ ਪੈਰ-ਟਿੱਪਣੀਆਂ ਦੇ ਰੂਪ ਵਿਚ ਪਾਠਾਂਤਰ ਦਰਸਾ ਦਿੱਤੇ ਗਏ ਹਨ। ਮੂਲ ਪਾਠ ਨਿਸਚਿਤ ਕਰਨ ਵਲੋਂ ਇਸ ਗੱਲ ਦਾ ਧਿਆਨ ਰਖਿਆ ਗਿਆ ਹੈ ਕਿ ਪਾਠਾਂਤਰ ਵਾਲੀਆਂ ਥਾਵਾਂ ਤੇ ਉਸੇ ਪਾਠ ਨੂੰ ਅਪਣਾਇਆ ਹੈ ਜੋ ਪ੍ਰਸੰਗ ਅਨੁਸਾਰ ਠੀਕ ਅਤੇ ਛੰਦ ਦੇ ਮਾਪ ਤੋਂ ਸਹੀ ਪ੍ਰਤੀਤ ਹੋਇਆ ਹੈ। ਇਸ ਤਰ੍ਹਾਂ ਸਚ ਦੇ ਅਧਿਕ ਨੇੜੇ ਪਹੁੰਚ ਸਕਣ ਦਾ ਯਤਨ ਕੀਤਾ ਗਿਆ ਹੈ। ਸ਼ੰਕਾ ਨਿਵ੍ਰਿੱਤੀ ਲਈ ਪੈਰ-ਟਿੱਪਣੀਆਂ ਵਿਚ ਸਾਰੇ ਪਾਠਾਂਤਰ ਦੇ ਦਿੱਤੇ ਗਏ ਹਨ ਤਾਂ ਜੋ ਇਸ ਸੰਬੰਧ ਵਿਚ ਕੋਈ ਭੁਲੇਖਾ ਨਾ ਪੈ ਸਕੇ। ਅੰਤ ਤੇ ਅਰਥਾਵਲੀ ਦੇ ਕੇ ਇਸ ਵਿਚਲੇ ਔਖੇ ਸ਼ਬਦਾਂ ਦੇ ਅਰਥ ਸਪੱਸ਼ਟ ਕੀਤੇ ਗਏ ਹਨ ਅਤੇ ਵਿਸ਼ੇਸ਼ ਵਿਅਕਤੀਆਂ ਦਾ ਸੰਖਿਪਤ ਪਰਿਚਯ ਵੀ ਦੇ ਦਿੱਤਾ ਗਿਆ ਹੈ।

ਪੰਜਾਬੀ ਸਾਹਿੱਤ ਅਧਿਐਨ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ

ਰਤਨ ਸਿੰਘ ਜੱਗੀ

ਅੱਵਲ ਹਮਦ ਜਨਾਬ ਅੱਲਾਹ ਦੀ ਨੂੰ,
ਜਿਹੜਾ ਕੁਦਰਤੀ ਖੇਲ ਬਣਾਂਵਦਾ ਈ।
ਚੌਦਾਂ ਤਬਕਾਂ ਦਾ ਨਕਸ਼[1] ਨਿਗਾਰ ਕਰ ਕੇ,
ਰੰਗਾ-ਰੰਗ[2] ਦੇ [3]ਬਾਗ਼ ਲਗਾਂਵਦਾ[3] ਈ।
ਸੱਫ਼ਾਂ ਪਿਛਲੀਆਂ [4]ਸਭ ਲਪੇਟ[4] ਲੈਂਦਾ,
ਅਗੋਂ ਹੋਰ ਹੀ ਹੋਰ ਵਛਾਂਵਦਾ ਈ।
ਸ਼ਾਹ ਮੁਹੰਮਦਾ ਉਸ ਤੋਂ ਸਦਾ ਡਰੀਏ,
ਬਾਦਸ਼ਾਹਾਂ ਤੋਂ ਭੀਖ ਮੰਗਾਂਵਦਾ ਈ।1।
[5]ਇਥੇ ਆਇਆਂ ਨੂੰ ਦੁਨੀਆਂ ਮੋਹ ਲੈਂਦੀ,
ਦਗੇਬਾਜ਼ ਦਾ ਧਾਰ ਕੇ ਭੇਸ ਮੀਆਂ[5]।
ਸਦਾ ਨਹੀਂ ਜਵਾਨੀ ਤੇ ਐਸ਼ ਮਾਪੇ,
ਸਦਾ ਨਹੀਂ ਜੇ ਬਾਲ ਵਰੇਸ ਮੀਆਂ।
ਸਦਾ [6]ਨਹੀਂ ਜੇ[6] ਦੌਲਤਾਂ ਫ਼ੀਲ ਘੋੜੇ,
ਸਦਾ ਨਹੀਂ ਜੇ ਰਾਜਿਆਂ ਦੇਸ ਮੀਆਂ।
ਸ਼ਾਹ ਮੁਹੰਮਦਾ ਸਦਾ ਨਾ ਰੂਪ ਦੁਨੀਆਂ,
ਸਦਾ [7]ਰਹਿਣ ਨਾ[7] ਕਾਲੜੇ ਕੇਸ ਮੀਆਂ।2।
ਇਕ ਰੋਜ਼ ਵਡਾਲੇ[8] ਦੇ ਵਿਚ ਬੈਠੇ,
ਚਲੀ ਆਣ ਫਿਰੰਗੀ[9] ਦੀ ਬਾਤ ਆਈ।
ਸਾਨੂੰ ਆਖਿਆ [10]ਹੀਰੇ ਤੇ ਨੂਰ ਖਾਂ ਨੇ,[10]
ਜਿਨ੍ਹਾਂ ਨਾਲ ਸਾਡੀ ਮੁਲਾਕਾਤ ਆਈ।
[11]ਰਾਜ਼ੀ ਬਹੁਤ ਰਹਿੰਦੇ[11] ਮੁਸਲਮਾਨ ਹਿੰਦੂ,
ਸਿਰਾਂ ਦੋਹਾਂ ਦੇ ਉੱਤੇ ਆਫ਼ਾਤ ਆਈ।
ਸ਼ਾਹ ਮੁਹੰਮਦਾ ਵਿਚ ਪੰਜਾਬ ਦੇ ਜੀ,
ਕਦੇ ਨਹੀਂ ਸੀ ਤੀਸਰੀ ਜਾਤ ਆਈ[12]।3।

ਪਾਠਾਂਤਰ 1. 'ਨਕਸ਼ੋ' 2. 'ਰੰਗ ਰੰਗ' 3. 'ਭੇਖ ਰਚਾਂਵਦਾ', 'ਬਾਗ ਬਨਾਂਵਦਾ' 4. 'ਸਭ ਸਮੇਟ', 'ਸਭ ਹੈ ਮੇਟ' 5. 'ਏਥੇ ਜੀਆਂ ਨੂੰ ਪਕੜ ਕੇ ਮੋਹ ਲੈਂਦੀ, ਦੁਨੀਆਂ ਵੇਸਵਾ ਦਾ ਰਖੇ ਭੇਸ ਮੀਆਂ' 6. 'ਨਹੀਂ' 7. 'ਨਹੀਂ ਜੇ' 8. 'ਵਟਾਲੇ', 'ਬਡਾਲੇ' 9. 'ਅੰਗ੍ਰੇਜ਼' 10. 'ਤੇ ਹੋਰ ਯਾਰਾਂ' 11. 'ਰਾਜ਼ੀ ਬਾਜ਼ੀ ਰਹੇ' 12. 'ਆਹੀ' ਪਾਠਾਂਤਰ ਚੌਹਾਂ ਤੁਕਾਂ ਵਿਚ

ਏਹੁ ਜਗ ਸਰਾਇ ਮੁਸਾਫ਼ਰਾਂ ਦੀ,
ਏਥੇ ਜ਼ੋਰ ਵਾਲੇ ਕਈ ਆਇ ਗਏ।
ਸ਼ਦਾਦ ਨਮਰੂਦ[1] ਫ਼ਿਰਊਨ ਜੇਹੇ,
ਦਾਹਵਾ ਬੰਨ੍ਹ ਖ਼ੁਦਾਇ ਕਹਾਇ ਗਏ।
ਅਕਬਰ ਸ਼ਾਹ [2]ਜੇਹੇ ਵਿਚ ਦਿਲੀ ਦੇ ਜੀ[2],
ਫੇਰੀ ਵਾਂਗ ਵਣਜਾਰਿਆਂ ਪਾਇ ਗਏ।
ਸ਼ਾਹ ਮੁਹੰਮਦਾ ਰਹੇਗਾ ਰੱਬ ਸੱਚਾ,
ਵਾਜੇ ਕੂੜ[3] ਤੇ ਕਈ ਵਜਾਇ ਗਏ।4।

ਮਹਾਂਬਲੀ ਰਣਜੀਤ ਸਿੰਘ ਹੋਇਆ ਪੈਦਾ,
ਨਾਲ ਜ਼ੋਰ ਦੇ ਮੁਲਕ ਹਿਲਾਇ[4] ਗਿਆ।
ਮੁਲਤਾਨ, ਕਸ਼ਮੀਰ, ਪਸ਼ੌਰ, ਚੰਬਾ,
ਜੰਮੂੰ ਕਾਂਗੜਾ ਕੋਟ ਨਿਵਾਇ[5] ਗਿਆ।
ਹੋਰ[6] ਦੇਸ ਲਦਾਖ਼ ਤੇ ਚੀਨ ਤੋੜੀ,
ਸਿੱਕਾ ਆਪਣੇ ਨਾਮ ਚਲਾਇ ਗਿਆ।
ਸ਼ਾਹ ਮੁਹੰਮਦਾ ਜਾਣ ਪਚਾਸ ਬਰਸਾਂ,
ਅੱਛਾ[7] ਰੱਜ ਕੇ ਰਾਜ ਕਮਾਇ ਗਿਆ।5।

ਜਦੋਂ ਹੋਏ ਸਰਕਾਰ ਦੇ ਸਾਸ ਪੂਰੇ,
ਜਮਾਂ ਹੋਏ ਨੀ ਸਭ ਸਰਦਾਰ ਮੀਆਂ।
ਚੇਤ ਸਿੰਘ ਨੂੰ ਮਾਰਿਆ ਕੌਰ ਸਾਹਿਬ,
ਸ਼ੁਰੂ ਹੋਈ ਦਰਬਾਰ ਤਲਵਾਰ ਮੀਆਂ।
ਖੜਕ ਸਿੰਘ ਮਹਾਰਾਜ ਨੇ ਢਾਹ ਮਾਰੀ,
ਮੋਇਆ ਮੁੱਢ ਕਦੀਮ ਦਾ ਯਾਰ ਮੀਆਂ।
ਸ਼ਾਹ ਮੁਹੰਮਦਾ ਅਸਾਂ ਭੀ ਨਾਲ ਮਰਨਾ,
ਸਾਡਾ ਇਹੋ ਸੀ ਕੌਲ ਕਰਾਰ ਮੀਆਂ।6।

---

1. 'ਮਾਰੂਨ' 2. 'ਜੇਹੇ ਆਇ ਵਿਚ ਦਿਲੀ' 3. 'ਝੂਠ' 4. 'ਨਿਵਾਇ'
5. 'ਛੁਡਾਇ' 6. 'ਤਿੱਬਤ' 7. 'ਹੱਛਾ' 'ਚੰਗਾ'

ਮੇਰੇ ਬੈਠਿਆਂ[1] ਇਨ੍ਹਾਂ ਨੇ ਖ਼ੂਨ ਕੀਤਾ,
ਇਹ ਤਾਂ ਗ਼ਰਕ ਜਾਵੇ ਦਰਬਾਰ ਮੀਆਂ।
ਪਿਛੇ ਸਾਡੇ ਭੀ ਕੌਰ ਨਾ ਰਾਜ ਕਰਸੀ,
[2]ਅਸੀਂ ਮਰਾਂਗੇ[2] ਏਸ ਨੂੰ ਮਾਰ ਮੀਆਂ।
ਨਾਹੱਕ ਦਾ ਇਨ੍ਹਾਂ ਨੇ ਖ਼ੂਨ ਕੀਤਾ,
ਇਹ ਤਾਂ ਮਰਨਗੇ ਸਭ ਸਰਦਾਰ ਮੀਆਂ।
[3]ਸ਼ਾਹ ਮੁਹੰਮਦਾ ਧੁਰੋਂ ਤਲਵਾਰ ਵੱਗੀ,
ਸਭ ਕਤਲ ਹੋਂਦੇ ਵਾਰੋ ਵਾਰ ਮੀਆਂ[3] ।7।

ਖੜਕ ਸਿੰਘ ਮਹਾਰਾਜ ਹੋਇਆ ਬਹੁਤ ਮਾਂਦਾ,
ਬਰਸ ਇਕ ਪਿੱਛੋਂ ਵੱਸ ਕਾਲ ਹੋਇਆ।
ਆਈ ਮੌਤ ਨਾ ਅਟਕਿਆ ਇਕ ਘੜੀ,
ਚੇਤ ਸਿੰਘ ਦੇ ਗਮ ਦੇ ਨਾਲ ਮੋਇਆ।
ਕੌਰ ਸਾਹਿਬ ਮਹਾਰਾਜੇ[4] ਦੀ ਗਲ ਸੁਣ ਕੇ,
ਜ਼ਰਾ ਗ਼ਮ[5] ਦੇ ਨਾਲ ਨਾ ਮੂਲ ਰੋਇਆ।
[6]ਸ਼ਾਹ ਮੁਹੰਮਦਾ ਕਈਆਂ ਦੇ ਮਾਰਨੇ ਨੂੰ,
ਵਿਚ ਕੌਂਸਲੇ ਕੌਰ ਨੂੰ ਹੁਕਮ ਹੋਇਆ[6] ।8।

ਖੜਕ ਸਿੰਘ ਮਹਾਰਾਜ ਨੂੰ ਚੁਕ ਲਿਆ,
ਦੇਖੋ ਸਾੜਨੇ ਨੂੰ ਹੁਣ ਲੈ ਚੱਲੇ।
ਧਰਮ ਰਾਜ ਨੂੰ [7]ਜਦੋਂ ਇਹ[7] ਖ਼ਬਰ ਹੋਈ,
ਕੌਰ ਮਾਰਨੇ ਨੂੰ ਓਸ[8] ਦੂਤ ਘੱਲੇ।
ਮਾਰੋ ਮਾਰ ਕਰਦੇ ਦੂਤ [9]ਆਣ ਵੜੇ[9],
ਜਦੋਂ ਮੌਤ ਦੇ ਹੋਏ ਨੀ ਆਣ ਹੱਲੇ।
ਸ਼ਾਹ ਮੁਹੰਮਦਾ ਦੇਖ ਰਜ਼ਾਇ ਉਸ ਦੀ,
ਊਧਮ ਸਿੰਘ ਤੇ ਕੌਰ ਦੇ ਸਾਸ ਚੱਲੇ ।9।

---

1. 'ਮੇਰੇ ਪਾਸ ਬੈਠੇ' 2. 'ਐਸੀ ਮਾਰਾਂਗੇ' 3. 'ਸ਼ਾਹ ਮੁਹੰਮਦਾ ਹੋਈ ਹੁਣ ਮੌਤ ਸਸਤੀ, ਖ਼ਾਲੀ ਨਹੀਂ ਜਾਣਾ ਇਕ ਵਾਰ ਮੀਆਂ' 4. 'ਸ਼ਾਹਜ਼ਾਦੇ' 5. 'ਦਰਦ' 6. 'ਸ਼ਾਹ ਮੁਹੰਮਦਾ ਕਈਆਂ ਦੇ ਬੰਨ੍ਹਣੇ ਦਾ, ਵਿਚ ਕੌਂਸਲ ਦੇ ਕੌਰ ਨੂੰ ਫਿਕਰ ਹੋਇਆ;' 'ਮਾਰਨੇ' ਅਤੇ 'ਬੰਨ੍ਹਣੇ' ਦੀ ਥਾਂ 'ਪਕੜਨੇ' ਪਾਠਾਂਤਰ ਵੀ ਹੈ 7. 'ਜਾਇ ਕੇ' 8. 'ਓਨ' 9, 'ਉਠ ਦੌੜੇ'

ਇਕ ਦੂਤ ਨੇ [1]ਦੇਖ ਕੇ ਫ਼ਿਕਰ[1] ਕੀਤਾ,
ਪਲਕ ਵਿਚ ਦਰਵਾਜ਼ੇ ਦੇ ਆਇਆ ਈ।
ਜਿਹੜਾ [2]ਧੁਰ ਦਰਗਾਹ ਦਾ ਹੁਕਮ ਆਂਦਾ[2],
ਦੇਖੋ ਉਸ ਨੂੰ ਖ਼ੂਬ ਬਜਾਇਆ ਈ।
ਅੰਦਰ ਤਰਫ਼ ਹਵੇਲੀ ਦੇ ਤੁਰੇ ਜਾਂਦੇ,
ਛੱਜਾ ਢਾਹ ਦੋਹਾਂ ਉੱਤੇ ਪਾਇਆ ਈ।
ਸ਼ਾਹ ਮੁਹੰਮਦਾ ਊਧਮ ਸਿੰਘ ਥਾਉਂ ਮੋਇਆ,
ਕੌਰ ਸਾਹਿਬ ਭੀ[3] ਸਹਿਕਦਾ ਆਇਆ ਈ।10।

ਅੱਠ ਪਹਿਰ ਲੁਕਾਇ ਕੇ ਰਖਿਓ ਨੇ,
[4]ਦੂਜੇ ਦਿਨ[4] ਰਾਣੀ ਚੰਦ ਕੌਰ ਆਈ।
ਖੜਕ ਸਿੰਘ ਦਾ ਮੂਲ ਦਰੇਗ਼ ਨਾਹੀਂ,
ਕੌਰ ਸਾਹਿਬ ਤਾਈਂ ਓਥੇ ਰੋਣ ਆਈ।
[5]ਹੁਣ ਮੋਇਆ ਤੇ ਕਰੋ ਸਸਕਾਰ ਇਸਦਾ,
ਭਲਾ ਤੁਸਾਂ ਕਿਉਂ ਇਤਨੀ ਦੇਰ ਲਾਈ[5]।
ਸ਼ਾਹ ਮੁਹੰਮਦਾ ਰੋਂਦੀ ਏ ਚੰਦ ਕੌਰਾਂ,
ਜਿਸ ਦਾ ਮੋਇਆ ਪੁੱਤਰ ਸੋਹਣਾ ਸ਼ੇਰ ਸਾਈਂ।11।

ਸ਼ੇਰ ਸਿੰਘ ਨੂੰ ਕਿਸੇ ਜਾ ਖ਼ਬਰ ਦਿੱਤੀ,
ਜਿਸ ਦਾ ਮੋਇਆ ਭਤੀਜਾ ਭਰਾ[6] ਯਾਰੋ।
[7]ਉਸ ਨੇ[7] ਤੁਰੰਤ ਵਟਾਲਿਓਂ ਕੂਚ ਕੀਤਾ,
ਰਾਤੀਂ[8] ਆਂਵਦਾ ਘੱਤ ਵਹੀਰ ਯਾਰੋ।
ਜਦੋਂ ਆਣ ਕੇ ਹੋਇਆ ਲਾਹੌਰ ਦਾਖ਼ਲ,
ਅੱਖੀਂ ਰੋਏ[9] ਪਲੱਟਦਾ ਨੀਰ ਯਾਰੋ*।
ਸ਼ਾਹ ਮੁਹੰਮਦਾ ਲੋਕ ਦਿਲਬਰੀ ਕਰਦੇ[10],
ਚੰਦ ਕੌਰ ਹੋਈ ਦਿਲਗੀਰ ਯਾਰੋ।12।

---

1. 'ਆਇ ਕੇ ਜ਼ਿਕਰ' 2. 'ਧੁਰੋਂ ਦਰਗਾਹੋਂ ਸੀ ਹੁਕਮ ਆਇਆ' 3. 'ਜੋ' 4. 'ਦਿਨ ਦੂਜੇ' 5. ਮ੍ਰਿਤ ਹੋਇਆ ਤੇ ਕਰੋ ਸਸਕਾਰ ਇਸਦਾ, ਰਾਣੀ ਆਖਦੀ ਤੁਸਾਂ ਕਿਉਂ ਦੇਰ ਲਾਈ'; 'ਭਲਾ' ਦੀ ਥਾਂ 'ਏਹੁ' ਪਾਠਾਂਤਰ ਵੀ ਹੈ 6. 'ਭਰਾਉ' 'ਤੇ ਵੀਰ' 7. 'ਓਨ' 8. 'ਰਾਹੀਂ' 9. 'ਰੋਵੇ' 10. 'ਦੇਂਦੇ'

*ਕਈਆਂ ਪਾਠਾਂ ਵਿਚ ਇਹ ਪੰਕਤੀ ਇਸ ਬੰਦ ਦਾ ਦੂਜਾ ਚਰਣ ਹੈ

ਦਿੱਤੇ ਸੰਤਰੀ ਚਾਰ ਖਲ੍ਹਾਰ ਚੋਰੀਂ,
ਸ਼ੇਰ ਸਿੰਘ [1]ਅਜ ਅੰਦਰ[1] ਆਵਣਾ ਜੇ।
ਤੁਰਤ ਫੂਕ ਦਿਉ ਤੁਸੀਂ ਕਰਾਬੀਨਾਂ,
[2]ਇਕੋ ਘੜੀ ਵਿਚ ਮਾਰ ਮੁਕਾਵਣਾ ਜੇ[2]।
ਸ਼ੇਰ ਸਿੰਘ ਨੂੰ ਰਾਜੇ ਨੇ ਖ਼ਬਰ ਦਿੱਤੀ,
ਅੰਦਰ ਅਜੇ[3] ਜ਼ਰੂਰ ਨਹੀਂ ਆਵਣਾ ਜੇ।
ਸ਼ਾਹ ਮੁਹੰਮਦਾ ਅਜੇ ਨਾ[4] ਜ਼ੋਰ ਤੇਰਾ,
ਤੈਨੂੰ ਅਸਾਂ ਹੀ ਅੰਤ ਸਦਾਵਣਾ ਜੇ।13।

ਚੰਦ ਕੌਰ ਦੀ [5]ਜੋ ਮੰਦੀ[5] ਨਜ਼ਰ ਦੇਖੀ,
ਦਗ਼ੇਬਾਜ਼ੀਆਂ ਹੋਰ ਬਥੇਰੀਆਂ ਨੀ।
ਓਨ[6] ਤੁਰਤ ਲਾਹੌਰ ਥੀਂ ਕੂਚ ਕੀਤਾ,
ਬੈਠਾ ਜਾਇ ਕੇ ਵਿਚ ਮੁਕੇਰੀਆਂ ਨੀ।
ਪਿਛੇ ਤਖ਼ਤ[7] ਬੈਠੀ ਰਾਣੀ ਚੰਦ ਕੌਰਾਂ,
ਦਿੰਦੇ ਆਣ ਮੁਸਾਹਿਬ ਦਲੇਰੀਆਂ ਨੀ।
ਸ਼ਾਹ ਮੁਹੰਮਦਾ ਕੌਰ ਨਾ ਜੰਮਣਾ ਏ,
ਕਿਲੇ ਕੋਟ ਤੇ ਰੱਯਤਾਂ ਡੇਰੀਆਂ[8] ਨੀ।14।

ਰਾਜੇ ਲਸ਼ਕਰਾਂ ਵਿਚ ਸਲਾਹ ਕੀਤੀ,
ਸ਼ੇਰ ਸਿੰਘ ਨੂੰ ਕਿਵੇਂ ਸਦਾਈਏ ਜੀ।
ਉਹ [9]ਤਾਂ ਪੁਤਰ[9] ਸਰਕਾਰ ਦਾ ਫ਼ਤਿਹ ਜੰਗੀ,
ਗੱਦੀ ਉਸ ਨੂੰ ਚਾਇ ਬਹਾਈਏ ਜੀ।
ਸਿੰਘਾਂ ਆਖਿਆ ਰਾਜਾ ਜੀ ਹੁਕਮ ਤੇਰਾ,
ਜਿਸ ਨੂੰ ਕਹੇਂ ਸੋ ਫ਼ਤਿਹ ਬੁਲਾਈਏ ਜੀ।
ਸ਼ਾਹ ਮੁਹੰਮਦਾ ਗਲ ਜੋ ਮੂੰਹੋਂ ਕੱਢੇਂ,
ਏਸ਼ੇ ਵਖਤ ਹੀ ਚਾਇ[10] ਮੰਗਾਈਏ ਜੀ।15।

---

1. 'ਅੰਦਰ ਅਜ' 2. 'ਪਲਕ ਵਿਚ ਹੀ ਮਾਰ ਗਵਾਵਣਾ ਜੇ' 3. 'ਅਜ' 4. 'ਨਹੀਂ'
5. 'ਮੰਦੀ ਜੋ' 6. 'ਉਸ ਨੇ' 7. 'ਰਾਜ' 8. 'ਬਥੇਰੀਆਂ' 9. 'ਹੈ ਪੁਤ੍ਰ'
10. 'ਤੁਰਤ'

ਬਾਈ[1] ਦਿਨਾਂ ਦੀ ਰਾਜੇ ਨੇ ਲਈ ਰੁਖ਼ਸਤ[2],
ਤੁਰਤ ਜੰਮੂ ਨੂੰ[3] ਹੋਏ ਨੀ ਕੂਚ ਡੇਰੇ।
ਸ਼ੇਰ ਸਿੰਘ ਤਾਈਂ ਲਿਖ ਘੱਲੀ ਚਿੱਠੀ[4],
ਮੈਂ ਤਾਂ ਰਫ਼ੂ ਕਰ ਛੱਡੇ ਨੀ ਕੰਮ ਤੇਰੇ।
ਧੌਂਸਾ ਮਾਰ ਕੇ ਪਹੁੰਚ ਲਾਹੌਰ ਜਲਦੀ,
ਅਗੋਂ ਆਇ ਮਿਲਸਣ ਤੈਨੂੰ ਸਭ ਬੇੜੇ[5]।
ਸ਼ਾਹ ਮੁਹੰਮਦਾ ਮਿਲਣਗੇ ਫਿਰ ਅਫਸਰ,
ਜਿਸ ਵੇਲੜੇ ਸ਼ਹਿਰ ਦੇ ਗਇਓਂ[6] ਨੇੜੇ ।16।

ਸ਼ੇਰ ਸਿੰਘ ਨੇ ਰਾਜੇ ਦਾ ਖ਼ਤ ਪੜ੍ਹ ਕੇ,
ਫੌਜਾਂ ਤੁਰੰਤ ਲਾਹੌਰ ਨੂੰ ਘਲੀਆਂ ਨੀ।
ਘੋੜੇ ਹਿਣਕਦੇ ਤੇ ਮਾਰੂ ਵੱਜਦੇ ਨੀ,
ਧੂੜ ਉਡ ਕੇ ਘਟਾ ਹੋ ਚੱਲੀਆਂ ਨੀ।
ਆਵੇ ਬੁਧੂ ਦੇ [7]ਲਾਇ ਨੀ ਪਾਸ[7] ਡੇਰੇ,
ਫੌਜਾਂ ਲੱਥੀਆਂ ਆਣ ਇਕਲੀਆਂ ਨੀ।
[8]ਸ਼ਾਹ ਮੁਹੰਮਦਾ ਆਣ ਜਾਂ ਮਿਲੇ ਅਫ਼ਸਰ,
ਗਲਾਂ ਵਿਚ ਲਾਹੌਰ ਦੇ ਚਲੀਆਂ ਨੀ[8] ।17।

ਸ਼ੇਰ ਸਿੰਘ ਤਾਂ[9] ਬੁਧੂ ਦੇ ਆਵਿਓਂ ਜੀ,
ਕਰ ਤੁਰਮ ਲਾਹੌਰ ਵਲ ਧਾਇਆ ਈ।
ਫਲੇ[10] ਪੜਤਲਾਂ ਦੇ ਅੱਗੋਂ[11] ਪਾੜ ਕੇ ਜੀ,
ਸ਼ੇਰ ਸਿੰਘ ਨੂੰ ਤੁਰਤ ਲੰਘਾਇਆ ਈ।
ਉਸ ਬਲੀ ਸ਼ਾਹਜ਼ਾਦੇ ਦਾ ਤੇਜ ਭਾਰੀ,
ਜਿਸ ਕਿਲੇ ਨੂੰ ਮੋਰਚਾ ਲਾਇਆ ਈ।
ਸ਼ਾਹ ਮੁਹੰਮਦਾ ਹਾਰ ਕੇ ਵਿਚਲਿਆਂ ਨੇ,
ਸ਼ੇਰ ਸਿੰਘ ਨੂੰ ਗੱਦੀ[12] ਬਹਾਇਆ ਈ ।18।

---

1. 'ਬਾਈਆਂ' 2. 'ਛੁਟੀ' 3. 'ਦੀ' 4. 'ਅਰਜ਼ੀ' 5. 'ਡੇਰੇ' 6. 'ਜਾਇ' 7. 'ਪਾਸ ਨੀ ਲਾਏ' 8. 'ਸ਼ਾਹ ਮੁਹੰਮਦਾ ਆਣ ਜਾਂ ਰਥ ਪਹੁੰਚੇ, ਗੱਲਾਂ ਸ਼ਹਿਰ ਲਾਹੌਰ ਵਿਚ ਚਲੀਆਂ ਨੀ' 9. 'ਫਿਰ' 10. 'ਪਹਿਲੇ' 11. 'ਉਥੇ' 12. 'ਤਖ਼ਤ'

ਸ਼ੇਰ ਸਿੰਘ ਗੱਦੀ ਉੱਤੇ [1]ਆਣ ਬੈਠਾ,[1]
ਰਾਣੀ ਕੈਦ ਕਰ ਕੇ ਕਿਲ੍ਹੇ ਵਿਚ ਪਾਈ।
ਘਰ ਬੈਠਿਆਂ ਰੱਬ ਨੇ ਰਾਜ ਦਿੱਤਾ,
ਓਹੁ[2] ਮਲ ਬੈਠਾ ਸਾਰੀ ਪਾਤਸ਼ਾਹੀ।
ਬਰਸ ਹੋਇਆ ਜਾਂ ਉਸ ਨੂੰ [3]ਕੈਦ ਅੰਦਰ[3],
ਰਾਣੀ ਦਿਲ ਦੇ ਵਿਚ ਜੋ ਜਿੱਚ ਆਹੀ।
ਸ਼ਾਹ ਮੁਹੰਮਦਾ ਮਾਰ ਕੇ ਚੰਦ ਕੌਰਾਂ,
ਸ਼ੇਰ ਸਿੰਘ ਨੇ ਗਲੋਂ[4] ਬਲਾਇ ਲਾਹੀ ।19।

ਸ਼ੇਰ ਸਿੰਘ ਨੂੰ ਰੱਬ ਨੇ ਰਾਜ ਦਿੱਤਾ,
ਲਿਆ ਖੋਹ ਲਾਹੌਰ ਜੋ ਰਾਣੀਆਂ ਥੀਂ।
[5]ਸੰਧਾਵਾਲੀਆਂ ਦੇ ਦੇਸੋਂ ਪੈਰ ਖਿਸਕੇ[5],
ਜਾ ਕੇ ਪੁਛ ਲੇ ਰਾਹ ਪਧਾਣੀਆਂ ਥੀਂ।
ਮੁੜ ਕੇ ਫੇਰ ਅਜੀਤ ਸਿੰਘ ਲਈ ਬਾਜ਼ੀ,
ਪੈਦਾ ਹੋਇਆ ਸੀ ਅਸਲ ਸਵਾਣੀਆਂ ਥੀਂ।
ਸ਼ਾਹ ਮੁਹੰਮਦਾ ਜਮਿਆ ਅਲੀ ਅਕਬਰ,
ਆਂਦਾ ਬਾਪ ਨੂੰ ਕਾਲਿਆਂ ਪਾਣੀਆਂ ਥੀਂ ।20।

ਜਿਨ੍ਹਾਂ ਗੋਲੀਆਂ ਨੇ ਮਾਰੀ ਚੰਦ ਕੌਰਾਂ,
ਉਨ੍ਹਾਂ ਤਾਈਂ ਹਜ਼ੂਰ ਚਾ ਸੱਦਿਆ ਈ।
[6]ਸ਼ੇਰ ਸਿੰਘ ਨੇ ਬੁਘੇ ਨੂੰ ਹੁਕਮ ਕੀਤਾ[6],
ਉਨ੍ਹਾਂ ਅੰਦਰੋਂ[7] ਬਾਹਰ ਚਾ ਕੱਢਿਆ ਈ।
ਰਾਜੇ ਸਿੰਘਾਂ ਦਾ ਗਿਲਾ ਮਿਟਾਵਣੇ ਨੂੰ,
ਨੱਕ ਕੰਨ ਚਾ ਉਨ੍ਹਾਂ ਦਾ ਵੱਢਿਆ ਈ* ।
ਸ਼ਾਹ ਮੁਹੰਮਦਾ ਲਾਹ ਕੇ ਸਭ ਜ਼ੇਵਰ,
ਕਾਲਾ ਮੂੰਹ ਕਰ ਕੇ ਫੇਰ ਛੱਡਿਆ ਈ ।21।

---

1. 'ਬੈਠ ਕੇ ਜੀ' 2. 'ਉਹ ਤਾਂ', 'ਦੇਖੋ' 3. 'ਕੈਦ ਹੋਇਆਂ' 4. 'ਸਿਰੋਂ'
5. 'ਸੰਧਾਵਾਲੀਆਂ ਜਿਹੀ ਨਾ ਕਿਸੇ ਕੀਤੀ' 6. 'ਰਾਜੇ ਸਿੰਘਾਂ ਨੂੰ ਅੰਦਰੋਂ ਹੁਕਮ ਕੀਤਾ'
7. 'ਕਿਲ੍ਹਿਓਂ' *ਕਈਆਂ ਪਾਠਾਂ ਵਿਚ ਇਹ ਪੰਕਤੀ ਇਸ ਬੰਦ ਦਾ ਦੂਜਾ ਚਰਣ ਹੈ

ਬਰਸ ਹੋਇਆ ਜਾਂ ਹਾਜ਼ਰੀ ਲੈਣ ਬਦਲੇ,
ਡੇਰਾ [1]ਸ਼ਾਹ ਬਿਲਾਵਲ[1] ਲਗਾਂਵਦਾ ਈ।
ਅਜੀਤ ਸਿੰਘ ਗੁਝੀ ਕਰਾਬੀਨ ਲੈ ਕੇ,
ਸ਼ੇਰ ਸਿੰਘ ਨੂੰ ਆਣ ਵਿਖਾਂਵਦਾ ਈ।
[2]ਸਿੱਧੀ ਜਦੋਂ ਸ਼ਾਹਜ਼ਾਦੇ ਨੇ ਨਜ਼ਰ ਕੀਤੀ[2],
ਜਲਦੀ ਨਾਲ ਚਾ ਕਲਾ ਦਬਾਂਵਦਾ ਈ।
ਸ਼ਾਹ ਮੁਹੰਮਦਾ ਜ਼ਿਮੀਂ ਤੇ ਪਿਆ ਤੜਫੇ[3],
ਤੇਗ਼ਾ[4] ਮਾਰ ਕੇ ਸੀਸ ਉਡਾਂਵਦਾ[5] ਈ।22।

ਲਹਿਣਾ ਸਿੰਘ ਜੋ ਬਾਗ਼ ਦੀ ਤਰਫ਼ ਆਇਆ,
ਅੱਗੇ ਕੌਰ ਜੋ ਹੋਮ ਕਰਾਂਵਦਾ ਈ।
ਲਹਿਣਾ ਸਿੰਘ ਦੀ ਮੰਦੀ ਜੋ ਨਜ਼ਰ ਦੇਖੀ,
ਅੱਗੋਂ [6]ਰੱਬ ਦਾ ਵਾਸਤਾ[6] ਪਾਂਵਦਾ ਈ।
ਮੈਂ ਤਾਂ ਕਰਾਂਗਾ ਬਾਬਾ ਜੀ ਟਹਿਲ ਤੇਰੀ,
ਹੱਥ ਜੋੜ ਕੇ ਸੀਸ ਨਿਵਾਂਵਦਾ ਈ।
ਸ਼ਾਹ ਮੁਹੰਮਦਾ ਓਸ ਨਾ ਇਕ ਮੰਨੀ,
ਤੇਗ਼[7] ਮਾਰ ਕੇ ਸੀਸ ਲੈਜਾਂਵਦਾ[8] ਈ।23।

ਸ਼ੇਰ ਸਿੰਘ ਪਰਤਾਪ ਸਿੰਘ ਮਾਰ ਕੇ ਜੀ,
ਸੰਧਾਵਾਲੀਏ ਸ਼ਹਿਰ ਨੂੰ ਉੱਠ ਧਾਏ।
ਰਾਜਾ ਮਿਲਿਆ ਤਾਂ ਕਿਹਾ ਅਜੀਤ ਸਿੰਘ ਨੇ,
ਸ਼ੇਰ ਸਿੰਘ ਨੂੰ ਮਾਰ ਕੇ ਅਸੀਂ ਆਏ।
ਗੱਲੀਂ ਲਾਇ ਕੇ ਤੇ ਕਿਲ੍ਹੇ ਵਿਚ ਆਂਦਾ,
ਕੈਸੇ ਅਕਲ ਦੇ ਉਨ੍ਹਾਂ ਤੇ ਪੇਚ ਪਾਏ।
[9]ਜਿਨ੍ਹਾਂ ਮਾਰੀ ਸੀ ਰਾਜਾ ਜੀ ਚੰਦ ਕੌਰਾਂ,
ਸ਼ਾਹ ਮੁਹੰਮਦਾ ਉਨ੍ਹਾਂ ਦੇ ਸੀਸ ਲਾਹੇ[9]।24।

---

1. 'ਸ਼ਾਹ ਬਲੌਰ', 'ਸਾਹਿਬ ਲਾਹੌਰ' 2. 'ਡਿੱਠੀ ਜਦੋਂ ਸ਼ਹਿਜ਼ਾਦੇ ਦੀ ਨਜ਼ਰ ਮੈਲੀ' 3. 'ਫਟਕੇ' 4. 'ਤੇਗ਼' 5. 'ਲੈ ਆਂਵਦਾ' 6. 'ਵਾਸਤਾ ਰਬ ਦਾ' 7. 'ਤੇਗ਼ਾ' 8. 'ਉਡਾਂਵਦਾ' 9. 'ਕਿਥੇ ਮਾਰੀ ਸੀ ਰਾਜਾ ਜੀ ਚੰਦ ਕੌਰਾਂ, ਸ਼ਾਹ ਮੁਹੰਮਦਾ ਪੁਛਣੇ ਉਨ੍ਹਾਂ ਚਾਇ'

ਗੁਰਮੁਖ ਸਿੰਘ ਗਿਆਨੀ ਨੇ ਮੱਤ ਦਿੱਤੀ,
ਤੁਸਾਂ ਇਹ ਕਿਉਂ ਜੀਂਵਦਾ ਛੱਡਿਆ ਜੇ।
ਮਗਰੋਂ ਮਿਹਰ ਘਸੀਟਾ ਤਾਂ ਬੋਲਿਆ ਈ,
[1]ਏਹ ਸੁਖ਼ਨ ਸਲਾਹੀ ਦਾ ਕੱਢਿਆ ਜੇ[1]।
ਇਕ ਅੜਦਲੀ ਨੇ ਕਰਾਬੀਨ ਮਾਰੀ,
ਰੱਸਾ ਆਸ ਉਮੈਦ ਦਾ ਵੱਢਿਆ ਜੇ।
ਸ਼ਾਹ ਮੁਹੰਮਦਾ ਜ਼ਿਮੀਂ ਤੇ ਪਿਆ ਤੜਫ਼ੇ,
ਦਲੀਪ ਸਿੰਘ ਤਾਈਂ ਫੇਰ[2] ਸੱਦਿਆ ਜੇ ।25।

ਪਹਿਲੇ ਰਾਜੇ ਦੇ ਖ਼ੂਨ ਦਾ ਲਾਇ ਟਿੱਕਾ,
ਪਿਛੋਂ ਦਿੱਤੀਆਂ ਚਾਰ[3] ਪਰਦੱਖਣਾ ਈ।
ਤੇਰੇ ਵਾਸਤੇ ਹੋਏ ਨੇ ਸਭ ਕਾਰੇ,
ਅੱਗੇ ਸਾਹਿਬ ਸੱਚੇ ਤੈਨੂੰ ਰੱਖਣਾ ਈ।
ਸਾਨੂੰ ਘੜੀ ਦੀ ਕੁਝ ਉਮੈਦ ਨਾਹੀਂ,
ਅੱਜ ਰਾਤ ਪ੍ਰਸਾਦ ਕਿਨ ਚੱਖਣਾ ਈ।
ਤੇਰੇ ਵੱਲ ਜੋ ਕਰੇਗਾ ਨਜ਼ਰ ਮੰਦੀ[4],
ਸ਼ਾਹ ਮੁਹੰਮਦਾ ਕਰਾਂਗੇ[5] ਸਖਣਾ ਈ ।26।

ਹੀਰਾ ਸਿੰਘ ਨੂੰ ਰਾਜੇ ਦੀ ਖ਼ਬਰ ਹੋਈ,
ਸੂਬੇਦਾਰਾਂ ਨੂੰ ਸੱਦ ਕੇ ਤੁਰਤ ਚੜ੍ਹਿਆ।
[6]ਧੌਂਸਾ ਮਾਰ ਕੇ ਫ਼ੌਜ ਲੈ ਨਾਲ ਸਾਰੀ[6],
ਗੁੱਸੇ ਨਾਲ ਉਹ[7] ਸ਼ਹਿਰ ਦੇ ਵਿਚ ਵੜਿਆ।
ਰਾਜਪੂਤ [8]ਸੀ ਡੋਗਰਾ ਬਹੁਤ[8] ਚੰਗਾ,
ਸੰਧਾਵਾਲੀਆਂ ਦੇ ਨਾਲ ਖੂਬ ਲੜਿਆ।
ਸ਼ਾਹ ਮੁਹੰਮਦਾ ਅਜੀਤ ਸਿੰਘ ਮੋਇਆ ਲੱਧਾ[9],
ਲਹਿਣਾ ਸਿੰਘ ਜੋ ਜੀਂਵਦਾ ਆਣ ਫੜਿਆ ।27।

---

1. 'ਅੱਗੋਂ ਸੁਖਨ ਸਲਾਹੀ ਨੇ ਕਢਿਆ ਈ' 2. 'ਤੁਰਤ' 3. 'ਸੱਤ' 4. 'ਮੈਲੀ' 5. 'ਰਹੇਗਾ' 6. 'ਧੌਂਸਾ ਮਾਰ ਕੇ ਪਹੁਤਾ ਲਾਹੌਰ ਜਲਦੀ' 7. 'ਸੀ' 8. 'ਉਹ ਡੋਗਰਾ ਖੂਬ' 9. 'ਬੱਧਾ'

ਦੋਹਾਂ ਧਿਰਾਂ[1] ਤੋਂ ਬਹੁਤ ਸੂਰਮੱਤ ਹੋਈ,
ਖੰਡਾ ਵਿਚ ਮੈਦਾਨ[2] ਵਜਾਇ[3] ਗਏ।
ਸ਼ੇਰ ਸਿੰਘ[4] ਨਾ ਕਿਸੇ ਨੂੰ ਵੱਧਣ ਦੇਂਦਾ,
ਸਾਰੇ ਮੁਲਖ ਥੀਂ ਕਲਾ ਮਿਟਾਇ ਗਏ।
ਰਾਜਾ ਕਰਦਾ ਸੀ ਮੁਲਖ ਦੀ ਪਾਤਸ਼ਾਹੀ,
ਪਿੱਛੇ ਰੱਯਤਾਂ[5] ਨੂੰ ਵਖ਼ਤ ਪਾਇ ਗਏ।
ਸ਼ਾਹ ਮੁਹੰਮਦਾ ਮਾਰ ਕੇ ਮੋਏ ਦੋਵੇਂ,
ਚੰਗੇ ਸੂਰਮੇ ਹੱਥ ਵਿਖਾਇ[6] ਗਏ।28।

ਦੁੱਲ ਭੱਟੀ ਨੂੰ ਗਾਂਵਦਾ ਜਗ ਸਾਰਾ,
ਜੈਮਲ ਫੱਤੇ ਦੀਆਂ ਵਾਰਾਂ ਸਾਰੀਆਂ ਨੀ।
ਮੀਰ ਦਾਦ ਚੁਹਾਨ ਦੇ ਸੱਤਰ ਅੰਦਰ,
ਮੋਈਆਂ ਰਾਣੀਆਂ ਮਾਰ[7] ਕਟਾਰੀਆਂ ਨੀ।
ਸੰਧਾਵਾਲੀਆਂ ਜੇਹੀ ਨਾ ਕਿਸੇ ਕੀਤੀ,
ਤੇਗ਼ਾਂ ਵਿਚ ਦਰਬਾਰ ਦੇ ਮਾਰੀਆਂ ਨੀ।
ਸ਼ਾਹ ਮੁਹੰਮਦਾ ਮੋਏ ਨੀ ਬੀਰ [8]ਹੋ ਕੇ[8],
ਜਾਨਾਂ ਕੀਤੀਆਂ ਨਹੀਂ ਪਿਆਰੀਆਂ ਨੀ।29।

ਪਿਛੋਂ [9]ਆ ਕੇ[9] ਸਭਨਾਂ ਨੂੰ ਫ਼ਿਕਰ ਹੋਇਆ,
ਸੋਚੀਂ ਪਏ ਨੀ ਸਭ ਸਰਦਾਰ ਮੀਆਂ।
ਅੱਗੋਂ ਰਾਜ ਆਇਆ ਹੱਥ ਬੁਰਛਿਆਂ ਦੇ,
ਪਈ ਖੜਕਦੀ ਨਿਤ ਤਲਵਾਰ ਮੀਆਂ।
ਗੱਦੀ ਵਾਲਿਆਂ ਨੂੰ [10]ਜਿਹੜੇ ਮਾਰ ਲੈਂਦੇ[10],
ਹੋਰ ਕਹੋ ਕਿਸ ਦੇ ਪਾਣੀ ਹਾਰ ਮੀਆਂ।
[11]ਸ਼ਾਹ ਮੁਹੰਮਦਾ ਹੋਈ ਹੁਣ ਮੌਤ ਸਸਤੀ[11],
ਖ਼ਾਲੀ ਨਹੀਂ ਜਾਣਾ ਕੋਈ ਵਾਰ ਮੀਆਂ।30।

---

1. 'ਸਿੰਘਾਂ' 2. 'ਦਰਬਾਰ' 3. 'ਵਗਾਇ' 4. 'ਧਿਆਨ ਸਿੰਘ' 5. 'ਰਹਿੰਦਿਆਂ' 6. 'ਲਗਾਇ' 7. 'ਖਾਇ' 8. 'ਬਣ ਕੇ' 9. 'ਆਣ ਕੇ' 10. 'ਨਹੀਂ ਬਹਿਣ ਦੇਂਦੇ' 11. 'ਸ਼ਾਹ ਮੁਹੰਮਦਾ ਧੁਰੋਂ ਤਲਵਾਰ ਵੱਗਦੀ'

ਲਹਿਣਾ ਸਿੰਘ ਸਰਦਾਰ ਮਜੀਠੀਆ ਸੀ,
ਵੱਡਾ ਅਕਲ ਦਾ ਕੋਟ ਕਮਾਲ ਮੀਆਂ।*
ਮਹਾਂ ਬਲੀ ਸਰਦਾਰ ਸੀ ਪੰਥ ਵਿਚੋਂ,
ਡਿੱਠੀ ਬਣੀ ਕੁਚੱਲਣੀ[1] ਚਾਲ ਮੀਆਂ।
ਦਿੱਲ ਆਪਣੇ ਬੈਠ ਵਿਚਾਰ ਕਰਦਾ,
ਏਥੇ ਕਈਆਂ ਦੇ ਹੋਣਗੇ ਕਾਲ ਮੀਆਂ।
ਸ਼ਾਹ ਮੁਹੰਮਦਾ ਤੁਰ ਗਿਆ ਤੀਰਥਾਂ ਨੂੰ,
ਸਭੋ ਛੱਡ ਕੇ ਚੇਗ-ਦਵਾਲ ਮੀਆਂ।31।

ਦਲੀਪ ਸਿੰਘ ਗੱਦੀ ਉੱਤੇ ਰਹੇ ਬੈਠਾ,
ਹੀਰਾ ਸਿੰਘ ਜੋ ਰਾਜ ਕਮਾਂਵਦਾ ਈ।
ਜੱਲ੍ਹਾ ਉਸ ਦਾ ਖ਼ਾਸ ਵਜ਼ੀਰ ਹੈਸੀ[2],
ਖ਼ਾਤਰ ਤਲੇ[3] ਨਾ ਕਿਸੇ ਨੂੰ ਲਿਆਂਵਦਾ ਈ।
ਅੰਦਰ ਬਾਹਰ ਸਰਕਾਰ ਨੂੰ ਪਿਆ ਘੂਰੇ,
ਕਹੇ ਕੁਝ ਤੇ ਕੁਝ ਕਮਾਂਵਦਾ ਈ।
ਸ਼ਾਹ ਮੁਹੰਮਦਾ ਪੰਥ ਨੂੰ ਦੁਖ ਦੇਂਦਾ,
ਹੀਰਾ ਸਿੰਘ ਦਾ ਨਾਸ਼ ਕਰਾਂਵਦਾ ਈ।32।

ਸਿੰਘਾਂ ਲਿਖਿਆ ਖ਼ਤ ਸੁਚੇਤ ਸਿੰਘ ਨੂੰ,
ਬੁਰਾ ਕਰਨ ਹਾਰਾ ਜਲ੍ਹਾ ਠੀਕਦਾ[4] ਈ।
ਜਲਦੀ ਪਹੁੰਚ ਵਜੀਰ ਬਣਾ[5] ਲਈਏ,
ਤੈਨੂੰ ਖ਼ਾਲਸਾ ਪਿਆ ਉਡੀਕਦਾ ਈ।
ਅਕਸਰ ਰਾਜ ਪਿਆਰੇ ਨੀ ਰਾਜਿਆਂ ਨੂੰ,
ਹੀਰਾ ਸਿੰਘ ਤਾਂ ਪੁੱਤਰ ਸ਼ਰੀਕ ਦਾ ਈ।
ਸ਼ਾਹ ਮੁਹੰਮਦਾ ਜਲ੍ਹੇ ਦਾ ਨੱਕ ਵੱਢੋ,
[6]ਭੱਜ ਜਾਇਗਾ[6] ਮਾਰਿਆ ਲੀਕ ਦਾ ਈ।33।

---

*ਕਈਆਂ ਪਾਠਾਂ ਵਿਚ ਇਹ ਪੰਕਤੀ ਇਸ ਬੰਦ ਦਾ ਤੀਜਾ ਚਰਣ ਹੈ।
1. 'ਕੁਚੀਲਣੀ' 2. 'ਹੈ ਜੀ' 3. 'ਵਿਚ' 4. 'ਠੀਕ ਸਾਂਈ' 5. 'ਬਣਾਇ'
6. 'ਜਾਇ ਭੱਜ'

ਜਿਸ ਵੇਲੜੇ ਰਾਜੇ ਨੇ ਖ਼ਤ ਪੜ੍ਹਿਆ,
ਜਾਮੇ ਵਿਚ ਨਾ ਮੂਲ ਸਮਾਂਵਦਾ ਈ।
ਵੱਗਾ ਤੱਗ ਲਾਹੌਰ ਨੂੰ ਅਸਾਂ ਜਾਣਾ,
ਡੇਰੇ ਕਾਠੀਆਂ ਚਾ[1] ਪਵਾਂਵਦਾ ਈ।
ਮੰਜੀ ਕਾਕੜੀਂ ਫੌਜ ਉਤਾਰ ਸਾਰੀ[2],
ਬਾਈ ਆਦਮੀ ਨਾਲ ਲੈ ਆਂਵਦਾ ਈ।
ਸ਼ਾਹ ਮੁਹੰਮਦਾ ਆਣ ਲਾਹੌਰ ਪਹੁੰਚਾ,
ਮੀਆਂ ਮੀਰ ਡੇਰਾ ਵਿਚ[3] ਲਾਂਵਦਾ ਈ।34।

ਹੀਰਾ ਸਿੰਘ ਨੂੰ ਰਾਜੇ ਦੀ ਖ਼ਬਰ ਹੋਈ,
[4]ਤੁਰਤ ਪੜਤਲ ਸਭ[4] ਲਪੇਟੀਆਂ ਨੀ।
ਸਿੰਘਾਂ ਆਖਿਆ ਰਾਜਾ ਜੀ ਜਾਓ[5] ਮੁੜਕੇ,
ਫ਼ੌਜਾਂ ਰਹਿੰਦੀਆਂ ਨਹੀਂ ਸਮੇਟੀਆਂ ਨੀ।
ਸਿੰਘੋ[6] ਜੀਂਵਦਾ ਜਾਣ ਮੁਹਾਲ ਜੰਮੂੰ,
ਤਾਨ੍ਹੇ ਦੇਣ ਰਜਪੂਤੀ[7] ਬੇਟੀਆਂ ਨੀ।
ਸ਼ਾਹ ਮੁਹੰਮਦਾ ਆਇਆ ਵਜ਼ੀਰੀ ਲੈ ਕੇ,
ਆਖਣ ਸਭ ਪਹਾੜ ਡੁਮੇਟੀਆਂ ਨੀ।35।

ਤੋਪਾਂ ਜੋੜ ਕੇ ਪਲਟਨਾਂ ਨਾਲ ਲੈ ਕੇ,
ਚਾਚੇ ਸੱਕੇ ਤੇ ਹੀਰਾ ਸਿੰਘ ਚੜ੍ਹਦਾ[8]।
ਜਦੋਂ ਫ਼ੌਜ ਨੇ ਘਤਿਆ ਆਣ ਘੇਰਾ,
ਖੰਡਾ [9]ਖਿੱਚ ਕੇ ਸਾਰ ਦਾ[9] ਹੱਥ ਫੜਦਾ।
ਭੀਮ ਸਿੰਘ ਤੇ ਕੇਸਰੀ ਸਿੰਘ ਸਾਰੇ[10],
ਲੈ ਕੇ ਦੋਹਾਂ ਨੂੰ ਕਟਕ ਦੇ ਵਿਚ ਵੜਦਾ।
ਸ਼ਾਹ ਮੁਹੰਮਦਾ [11]ਸਿੰਘਾਂ ਨੇ[11] ਲਾਜ ਰੱਖੀ,
ਮੱਥੇ ਸਾਮ੍ਹਣੇ ਹੋਇ ਕੇ ਖ਼ੂਬ ਲੜਦਾ[12]।36।

---

1. 'ਚਾਇ' 2. 'ਕੇ ਜੀ' 3. 'ਆਣ' 4. 'ਸਭੇ ਪੜਤਲਾਂ ਤੁਰਤ' 5. 'ਜਾਹ' 6. 'ਸਿਖੋ' 7. 'ਰਜਪੂਤੀਆਂ', 'ਰਾਜਪੂਤਾਂ ਦੀਆਂ' 8. ਜਾ ਚੜ੍ਹਦਾ' 9. 'ਸਾਰ ਦਾ ਖਿਚ ਕੇ' 10. 'ਸਾਵ੍ਹੇਂ', 'ਲਾਵੇਂ' 11. 'ਟਿੱਕੇ ਦੀ' 12. 'ਮਰਦਾ'

ਸਿੰਘ ਜਲ੍ਹੇ ਦੇ [1]ਹੱਥੋਂ, ਜੋ ਤੰਗ ਆਏ[1],
ਦਿਲਾਂ[2] ਵਿਚ ਕਚੀਚੀਆਂ ਖਾਂਵਦੇ ਨੀ ।
ਅੱਗੇ ਸੱਤ ਤੇ ਅੱਠ ਸੀ ਤਲਬ ਸਾਰੀ,
ਬਾਰਾਂ ਜ਼ੋਰ ਦੇ ਨਾਲ ਕਰਾਂਵਦੇ ਨੀ ।
ਕਈ ਆਖਦੇ ਦਿਓ[3] ਇਨਾਮ ਸਾਨੂੰ,
ਲੈ ਕੇ ਬੁਤਕੀਆਂ[4] [5]ਚਾ ਗਲ[5] ਪਾਂਵਦੇ ਨੀ ।
ਸ਼ਾਹ ਮੁਹੰਮਦਾ ਜਲ੍ਹੇ ਦੇ ਮਾਰਨੇ ਨੂੰ,
ਪੰਜ ਕੌਂਸਲੀ ਚਾਇ[6] ਬਣਾਂਵਦੇ ਨੀ ।37।

ਹੋਇਆ ਹੁਕਮ ਜਾਂ[7] ਬਹੁਤ ਮਹਾਵਤਾਂ ਨੂੰ,
ਹੌਦੇ ਸੋਨੇ[8] ਦੇ ਚਾਇ ਕਸਾਂਵਦੇ ਨੀ ।
ਤਰਫ ਜੰਮੂ ਦੀ [9]ਮੂੰਹ ਮੋੜ ਚਲੇ[9],
ਸਾਨੂੰ ਆਇ ਕੇ ਸਿੰਘ ਮਨਾਂਵਦੇ ਨੀ ।
ਘੇਰੇ ਅਜ਼ਲ ਦੇ ਅਕਲ ਨਾ ਮੂਲ[10] ਆਈ,
ਬੁਰਾ ਆਪਣਾ ਆਪ ਕਰਾਂਵਦੇ ਨੀ ।
ਸ਼ਾਹ ਮੁਹੰਮਦਾ ਸਿੰਘ ਲੈ ਮਿਲੇ ਤੋਪਾਂ,
ਅਗੋਂ[11] ਗੋਲਿਆਂ ਨਾਲ ਉਡਾਂਵਦੇ ਨੀ ।38।

ਹੀਰਾ ਸਿੰਘ ਤੇ ਜਲ੍ਹੇ ਨੂੰ ਮਾਰ ਕੇ ਜੀ,
ਜਵਾਹਰ ਸਿੰਘ ਵਜ਼ੀਰ [12]ਬਣਾਂਵਦੇ ਨੀ[12] ।
ਤਰਫ਼ ਜੰਮੂ [13]ਦੀ ਮੂੰਹ ਮਰੋੜ ਚਲੇ[13],
ਰਾਹੀਂ ਸ਼ੋਰ ਖਰੂਦ [14]ਮਚਾਂਵਦੇ ਨੀ[14] ।
ਉਥੋਂ ਰਾਜਾ ਗੁਲਾਬ ਸਿੰਘ ਬੰਨ੍ਹ ਆਂਦਾ,
ਕੈਂਠੇ ਫੇਰ ਲੈ ਕੇ ਗਲੀਂ [15]ਪਾਂਵਦੇ ਨੀ[15] ।
ਸ਼ਾਹ ਮੁਹੰਮਦਾ ਅਸਾਂ ਹੁਣ ਕੜੇ ਲੈਣੇ,
ਜਵਾਹਰ ਸਿੰਘ ਨੂੰ ਆਖ [16]ਸੁਣਾਂਵਦੇ ਨੀ[16] ।39।

---

1. 'ਹੱਥ ਤੋਂ ਜੋ ਤੰਗ ਆਹੇ' 2. 'ਦਿਲ' 3. 'ਦੇਇ' 4. 'ਬੁਦਕੀਆਂ', 'ਬੁਧਕੀਆਂ'
5. 'ਗਲੇ ਚਾ' 6. 'ਚਾ' 7. 'ਜੋ' 8. 'ਸੁਇਨੇ' 9. 'ਦੇਇ ਮਰੋੜ ਚਲੇ'
10. 'ਜ਼ਰਾ' 11. 'ਸਗੋਂ' 12. 'ਬਣਾਇਓ ਨੇ' 13. 'ਪਹਾੜ ਦੀ ਹੋ ਚਲੇ'
14. 'ਮਚਾਇਓ ਨੇ' 15. 'ਪਾਇਓ ਨੇ' 16. 'ਸੁਣਾਇਓ ਨੇ'

ਕਿਹਾ ਬੁਰਛਿਆਂ ਆਣ ਅੰਧੇਰ[1] ਪਾਇਆ,
ਜੇਹੜਾ ਬਹੇ ਗੱਦੀ ਉਹ ਨੂੰ ਮਾਰ ਲੈਂਦੇ।
[2]ਕੜੇ ਕੈਂਠੇ[2] ਇਨਾਮ ਰੁਪਏ ਬਾਰਾਂ,
ਕਦੇ ਪੰਜ ਤੇ ਸੱਤ ਨਾ ਚਾਰ ਲੈਂਦੇ।
ਕਈ ਤੁਰੇ ਨੀ [3]ਕਿਲ੍ਹੇ ਦੀ ਲੁਟ ਕਰਕੇ[3],
ਕਈ ਸ਼ਹਿਰ ਦੇ ਲੁਟ ਬਜ਼ਾਰ ਲੈਂਦੇ।
ਸ਼ਾਹ ਮੁਹੰਮਦਾ ਚੜ੍ਹੇ ਮਝੈਲ ਭਈਏ[4],
ਪੈਸਾ ਤਲਬ ਦਾ ਨਾਲ ਪੈਜ਼ਾਰ ਲੈਂਦੇ ।40।

ਪਿੱਛੇ ਇਕ ਸਰਕਾਰ ਦੇ ਖੇਡ ਚੱਲੀ[5],
ਪਈ ਨਿੱਤ ਹੁੰਦੀ ਮਾਰੋ ਮਾਰ ਮੀਆਂ।
ਸਿੰਘਾਂ ਮਾਰ ਸਰਦਾਰਾਂ ਦਾ ਨਾਸ ਕੀਤਾ,
ਸੱਭੋ ਕਤਲ ਹੋਏ ਵਾਰੋ ਵਾਰ ਮੀਆਂ।
[6]ਸਿਰ ਫੌਜ ਦੇ ਰਿਹਾ ਨਾ ਕੋਈ ਕੁੰਡਾ[6],
ਹੋਏ[7] ਸ਼ੁਤਰ ਜਿਉਂ ਬਾਝ ਮੁਹਾਰ ਮੀਆਂ।
ਸ਼ਾਹ ਮੁਹੰਮਦਾ ਫਿਰਨ ਸਰਦਾਰ ਲੁਕਦੇ,
ਭੂਤ ਮੰਡਲੀ ਹੋਈ ਤਿਆਰ ਮੀਆਂ ।41।

ਜਵਾਹਰ ਸਿੰਘ ਦੇ ਉੱਤੇ ਨੀ ਚੜ੍ਹੇ ਸਾਰੇ,
ਮੱਥਾ ਖ਼ੂਨੀਆਂ [8]ਦੇ ਵਾਂਗ[8] ਵੱਟਿਓ ਨੇ।
ਡਰਦਾ ਭਾਣਜੇ ਨੂੰ ਲੈ ਕੇ ਮਿਲਣ ਆਇਆ,
ਅੱਗੋਂ ਨਾਲ ਸੰਗੀਨ[9] ਦੇ ਫੱਟਿਓ ਨੇ।
ਸੀਖਾਂ ਨਾਲ ਅੜੁੰਬ[10] ਕੇ ਫ਼ੀਲ ਉੱਤੋਂ[11],
ਕੱਢ ਹੌਦਿਓਂ ਜ਼ਿਮੀਂ ਤੇ ਸੱਟਿਓ ਨੇ।
ਸ਼ਾਹ ਮੁਹੰਮਦਾ ਵਾਸਤੇ [12]ਪਾਇ ਰਹਿਆ[12],
ਸਿਰ ਨਾਲ ਤਲਵਾਰ ਦੇ ਕੱਟਿਓ ਨੇ ।42।

---

1. 'ਹਨ੍ਹੇਰ' 2. 'ਕੈਂਠੇ ਕੜੇ' 3. 'ਜੰਮੂ ਦੀ ਲੁਟ ਉੱਤੇ' ; 'ਕਰਕੇ' ਦੀ ਥਾਂ ਕੇਵਲ 'ਉੱਤੇ' ਪਾਠਾਂਤਰ ਵੀ ਹੈ 4. 'ਭਾਈਏ' 5. 'ਵਿਚਲੀ' 6. 'ਸਿਰ ਤੇ ਫੌਜ ਦੇ ਕੋਈ ਨਾ ਰਿਹਾ ਕੁੰਡਾ' 7. 'ਹੋਇਆ' 8. 'ਵਾਂਗੂ' 9. 'ਸੰਗੀਨਾਂ' 10. 'ਉੜੁੰਬ' 11. 'ਉਤੇ' 12. 'ਪਾਂਵਦੇ ਦਾ'

ਮਾਈ ਕੈਦ ਕਨਾਤ ਦੇ ਵਿਚ ਕੀਤੀ,
ਕਿਸ ਨੂੰ ਰੋਇ ਕੇ ਪਈ ਸੁਣਾਵਣੀ[1] ਹੈਂ।
ਤੇਰਾ ਕੌਣ ਹਮਾਇਤੀ ਸੁਣਨ ਵਾਲਾ,
ਜਿਸ ਨੂੰ ਪਾਇ ਕੇ ਵੈਣ ਦਿਖਾਵਣੀ[2] ਹੈਂ।
ਕਿਹੜੇ ਪਾਤਸ਼ਾਹ ਦਾ ਪੁੱਤ[3] ਮੋਇਆ ਸਾਥੋਂ,
ਜਿਹੜੇ[4] ਡੂੰਘੜੇ ਵੈਣ ਤੂੰ ਪਾਵਣੀ ਹੈਂ।
ਸ਼ਾਹ ਮੁਹੰਮਦਾ ਦੇ ਇਨਾਮ ਸਾਨੂੰ[5],
ਸਾਡੇ ਜ਼ੋਰ ਤੇ[6] ਰਾਜ ਕਮਾਵਣੀ ਹੈਂ ।43।

ਪਈ ਝੂਰਦੀ ਏ ਰਾਣੀ ਜਿੰਦ ਕੌਰਾਂ,
ਕਿੱਥੋਂ ਕੱਢਾਂ ਮੈਂ ਕਲਗੀਆਂ ਨਿੱਤ ਤੋੜੇ।
ਮੇਰੇ ਸਾਮ੍ਹਣੇ ਕੋਇਆ ਏ[7] ਵੀਰ ਮੇਰਾ,
ਜਿਸਦੀ[8] ਤਾਬਿਆ ਲੱਖ ਹਜ਼ਾਰ ਘੋੜੇ।
ਕਿੱਥੋਂ ਕੱਢਾਂ ਮੈਂ ਦੇਸ ਫ਼ਿਰੰਗੀਆਂ ਦਾ,
ਕੋਈ ਮਿਲੇ[9] ਜੋ ਇਨ੍ਹਾਂ ਦਾ ਗਰਬ ਤੋੜੇ।
ਸ਼ਾਹ ਮੁਹੰਮਦਾ ਓਸ ਥੀਂ[10] ਜਾਨ ਵਾਰਾਂ,
ਜਵਾਹਰ ਸਿੰਘ ਦਾ ਵੈਰ ਜੋ[11] ਕੋਈ ਮੋੜੇ ।44।

ਮੈਨੂੰ ਆਣ ਚਫੇਰਿਓਂ ਘੂਰਦੇ ਨੀ,
ਲੈਂਦੇ ਮੁਫ਼ਤ ਇਨਾਮ ਰੁਪਏ ਬਾਰਾਂ।
ਜੱਟੀ ਹੋਵਾਂ ਤੇ ਕਰਾਂ ਪੰਜਾਬ ਰੰਡੀ,
ਸਾਰੇ ਦੇਸ[12] ਦੇ ਵਿਚ ਚਾ ਤੁਰਨ[13] ਵਾਰਾਂ।
ਛੱਡਾਂ ਨਹੀਂ [14]ਲਾਹੌਰ ਵਿਚ[14] ਵੜਨ ਜੋਗੇ,
ਸਣੇ ਵੱਡਿਆਂ ਅਫਸਰਾਂ ਜਮਾਦਾਰਾਂ।
ਪਏ [15]ਰੁਲਣ ਇਹ[15] ਵਿਚ ਪਰਦੇਸ ਮੁਰਦੇ,
ਸ਼ਾਹ ਮੁਹੰਮਦਾ ਮਾਰਨੀ ਏਸ[16] ਮਾਰਾਂ ।45।

---

1. 'ਡਰਾਵਨੀ', 'ਸੁਣਾਂਵਦੀ' 2. 'ਸੁਣਾਵਨੀ' 3. 'ਬੇਟਾ' 4. 'ਜੈਂਦੇ' 5. 'ਸਗੋਂ' 6. 'ਤੂੰ' 7. 'ਨੇ' 8. 'ਜੈਂਦੀ' 9. 'ਹੋਵੇ' 10. 'ਥੋਂ' 11. 'ਜੇ' 12. 'ਮੁਲਕ' 13. 'ਛਿੜਨ', 'ਜੁੜਨ' 14. 'ਪੰਜਾਬ ਦੇ' 15. 'ਰੁਲਨਗੇ' 16. 'ਓਸ', 'ਐਸੀ'

ਜਿਨ੍ਹਾਂ [1]ਮਾਰਿਆ ਕੋਹਿ ਕੇ[1] ਵੀਰ ਮੇਰਾ,
ਮੈਂ ਖੋਹਾਂਗੀ[2] ਉਨ੍ਹਾਂ ਦੀ ਜੁੰਡੀਆਂ ਨੀ।
ਧਾਕਾਂ ਜਾਣ[3] ਵਲਾਇਤੀਂ ਦੇਸ ਸਾਰੇ,
ਪਾਵਾਂ ਬੱਕਰੇ ਵਾਂਗ ਚਾ ਵੰਡੀਆਂ ਨੀ।
ਚੂੜੇ ਲਹਿਣਗੇ ਬਹੁਤ ਸੁਹਾਗਣਾਂ ਦੇ,
ਨੱਥ, ਚੌਂਕ ਤੇ ਵਾਲੀਆਂ ਡੰਡੀਆਂ ਨੀ।
ਸ਼ਾਹ ਮੁਹੰਮਦਾ ਪੈਣਗੇ ਵੈਣ ਡੂੰਘੇ,
ਜਦੋਂ ਹੋਣ[4] ਪੰਜਾਬਣਾਂ ਰੰਡੀਆਂ ਨੀ।46।

ਅਰਜ਼ੀ ਲਿਖੀ ਫ਼ਿਰੰਗੀ ਨੂੰ ਕੁੰਜ ਗੋਸ਼ੇ,
[5]ਪਹਿਲੇ ਆਪਣਾ[5] ਸੁਖ ਅਨੰਦ ਵਾਰੀ।
ਤੇਰੇ[6] ਵਲ ਮੈਂ ਫੌਜਾਂ[7] ਨੂੰ ਘਲਨੀਆਂ,[8]
ਖੱਟੇ ਕਰੀਂ ਤੂੰ ਇਨ੍ਹਾਂ ਦੇ ਦੰਦ ਵਾਰੀ।
[9]ਜਿਹੜਾ ਜ਼ੋਰ ਤੂੰ ਆਪਣਾ ਸਭ ਲਾਵੀਂ,
ਪਿਛੇ ਖਰਚ ਮੈਂ ਕਰਾਂਗੀ ਬੰਦ ਵਾਰੀ[9]।
ਸ਼ਾਹ ਮੁਹੰਮਦਾ ਫੇਰ ਨਾ ਆਉਣ ਮੁੜ ਕੇ,
ਮੈਨੂੰ ਏਤਨੀ ਬਾਤ[10] ਪਸੰਦ ਵਾਰੀ।47।

ਪਹਿਲੇ ਪਾਰ ਦਾ ਮੁਲਖ ਤੂੰ ਮਲ ਸਾਡਾ,
ਆਪੇ ਖਾ[11] ਗੁੱਸਾ ਤੈਥੀਂ ਆਵਣੀਗੇ।
ਸੋਈ ਲੜਨਗੇ ਹੋਣ ਬੇਖ਼ਬਰ ਜਿਹੜੇ,
ਮੱਥਾ ਕਦੀ ਸਰਦਾਰ ਨਾ ਡਾਹਵਣੀਗੇ।
ਏਸੇ ਵਾਸਤੇ ਫੌਜ ਮੈਂ ਪਾੜ ਛੱਡੀ,
ਕਈ ਭਾਂਜ ਅਚਾਨਕੀ ਖਾਵਣੀਗ[12]।
ਸ਼ਾਹ ਮੁਹੰਮਦਾ ਲਾਟ ਜੀ ਕਟਕ ਤੇਰੇ,
ਮੇਰੇ ਗਲੋਂ ਤਗਾਦੜੀ ਲਾਹਵਣੀਗੇ।48।

---

1. 'ਕੋਹ ਕੇ ਮਾਰਿਆ' 2. 'ਤਾਂ ਖੁਹਾਊਂਗੀ' 3. 'ਪੈਣ' 4. 'ਬਹਿਣ' 5 'ਪਹਿਲਾਂ ਆਪਣੀ' 6. 'ਤੇਰੀ' 7. 'ਫੌਜ' 8. 'ਤੋਰਨੀ ਹਾਂ' 9. 'ਪਹਿਲਾਂ ਆਪਣਾ ਜ਼ੋਰ ਤੂੰ ਸਭ ਲਾਵੀਂ, ਪਿਛੋਂ ਕਰਾਂਗੀ ਖਰਚ ਮੈਂ ਬੰਦ ਵਾਰੀ' 10. 'ਗਲ' 11. 'ਖਾਇ' 12. 'ਪਾਵਣੀਗੇ'

ਨੰਡਨ[1] ਕੰਪਨੀ ਸਾਹਿਬ ਕਿਤਾਬ ਡਿੱਠੀ,
ਇਨ੍ਹਾਂ ਲਾਟਾਂ ਵਿਚੋਂ ਕੌਣ ਲੜੇਗਾ ਜੀ ।
ਟੁੰਡੇ ਲਾਟ ਨੇ ਚੁਕਿਆ ਆਣ ਬੀੜਾ,
[2]ਹਮੀਂ ਜਾਇ ਕੇ ਸੀਖ ਸੋ ਅੜੇਗਾ ਜੀ[2] ।
ਘੰਟੇ[3] ਤੀਨ ਮੈਂ ਜਾ[4] ਲਾਹੌਰ ਮਾਰਾਂ,
ਐਸੀ[5] ਬਾਤ ਮੇਂ ਫ਼ਰਕ ਨਾ ਪੜੇਗਾ ਜੀ ।
ਸ਼ਾਹ ਮੁਹੰਮਦਾ ਫੱਗਣੋਂ ਤੇਰ੍ਹਵੀਂ ਨੂੰ,
[6]ਹਮ ਸ਼ਹਿਰ[6] ਲਾਹੌਰ ਵਿਚ ਵੜੇਗਾ ਜੀ ।49।

ਵਜੀ ਤੁਰਮ ਤੰਬੂਰ ਕਰਨਾਇ[7] ਸੁਤਰੀ,
ਤੰਬੂ ਬੈਰਕਾਂ ਨਾਲ ਨਿਸ਼ਾਨ ਮੀਆਂ ।
ਕੋਤਲ [8]ਬਘੀਆਂ ਪਾਲਕੀ[8] ਤੋਪਖਾਨੇ,
ਦੂਰਬੀਨ ਚੰਗੀ[9] ਸਾਇਬਾਨ ਮੀਆਂ ।
ਚੜ੍ਹਿਆ ਨੰਦਨੋਂ[10] ਲਾਟ ਉਠਾਇ ਬੀੜਾ,
ਡੇਰਾ ਪਾਂਵਦਾ ਵਿਚ ਮੈਦਾਨ ਮੀਆਂ ।
ਸ਼ਾਹ ਮੁਹੰਮਦਾ ਗੋਰਿਆਂ ਛੇੜ ਛੇੜੀ,
ਮੁਲਕ ਪਾਰ ਦਾ ਮਲਿਆ ਆਣ ਮੀਆਂ ।50।

ਫਰਾਂਸੀਸਾਂ ਨੂੰ ਅੰਦਰੋਂ ਹੁਕਮ ਹੋਇਆ,
ਤੁਸੀਂ ਜਾਉ[11] ਖਾਂ ਤਰਫ਼ ਕਸ਼ਮੀਰ ਨੂੰ[12] ਜੀ ।
ਉਨ੍ਹਾਂ ਰੱਬ ਦਾ ਵਾਸਤਾ ਪਾਇਆ ਈ[13],
ਮਾਈ ਫੜੀਂ ਨਾ ਕਿਸੇ[14] ਤਕਸੀਰ ਨੂੰ ਜੀ ।
ਪਾਰੋਂ ਮੁਲਕ [15]ਫ਼ਿਰੰਗੀਆਂ ਮਲ ਲੈਆ[15],
ਅਸੀਂ ਮਾਰਾਂਗੇ ਓਸ ਬੇਪੀਰ[16] ਨੂੰ ਜੀ ।
ਸ਼ਾਹ ਮੁਹੰਮਦਾ ਆਏ ਨੀ ਹੋਰ ਪਰਿਓਂ,
ਅਸਾਂ ਡੱਕਣਾ ਓਸ ਵਹੀਰ ਨੂੰ ਜੀ ।51।

---

1. 'ਲੰਡਨ' 2. 'ਹਮ ਸਿੰਘ ਸਿਉਂ ਜਾਇ ਕੇ ਲੜੇਗਾ ਜੀ' 3. 'ਘੜੀ' 4. 'ਜਾਇ' 5. 'ਏਸ' 6. 'ਸਾਹਿਬ ਜਾਇ' 7. 'ਕਰਨੈਲ' 8. 'ਪਾਲਕੀ ਬਘੀਆਂ' 9. 'ਜੰਗੀ' 10. 'ਲੰਦਨੋਂ' 11. 'ਜਾਹੋ' 12, 'ਦੀ' 13. 'ਸੀ' 14. 'ਕੁਝ' 15. 'ਮਲ ਲਿਆ ਫ਼ਿਰੰਗੀਆਂ ਨੇ' 16. 'ਦੇ ਪੀਰ'

ਮਾਈ ਆਖਿਆ ਸਭ[1] ਚੜ੍ਹ ਜਾਣ ਫ਼ੌਜਾਂ,
ਬੂਹੇ ਸ਼ਹਿਰ ਦੇ ਰਹਿਣ ਨਾ ਸੱਖਣੇ ਜੀ।
ਮੁਸਲਮਾਨੀਆਂ ਪੜਤਲਾਂ [2]ਰਹਿਣ ਏਥੇ[2],
ਘੋੜ-ਚੜ੍ਹੇ ਨਾਹੀਂ ਏਥੇ[3] ਰਖਣੇ ਜੀ।
ਕੰਠੇ[4] ਕਲਗੀਆਂ ਵਾਲੜੇ ਹੋਣ ਅਗੇ,[4]
ਮੋਹਰੇ[5] ਹੋਰ ਗ਼ਰੀਬ ਨਾ ਧੱਕਣੇ ਜੀ।
ਸ਼ਾਹ ਮੁਹੰਮਦਾ ਜਿਨ੍ਹਾਂ ਦੀ ਤਲਬ ਤੇਰਾਂ[6],
ਮਜ਼ੇ ਤਿਨ੍ਹਾਂ ਲੜਾਈ[7] ਦੇ ਚਖਣੇ ਜੀ।52।
ਸਾਰੇ ਪੰਥ ਨੂੰ ਸੱਦ ਕੇ ਕਹਿਣ ਲੱਗੀ,
ਮੈਥੋਂ ਗਏ ਖ਼ਜ਼ਾਨੇ[8] ਨਿਖੁੱਟ[9] ਵਾਰੀ।
[10]ਜਮਨਾ ਤੀਕਰਾਂ ਪਿਆ ਜੇ ਦੇਸ ਸੁੰਝਾ[10],
ਖਾਉ[11] ਦੇਸ ਫ਼ਿਰੰਗੀ ਦਾ ਲੁਟ ਵਾਰੀ।
ਮਾਰੋ ਸ਼ਹਿਰ ਫ਼ੀਰੋਜ਼ਪੁਰ[12], ਲੁਧਿਆਣਾ[13],
ਸੁੱਟੋ ਛਾਵਣੀ ਓਸ ਦੀ ਪੁਟ ਵਾਰੀ।
ਸ਼ਾਹ ਮੁਹੰਮਦਾ ਲਵੋ[14] ਇਨਾਮ ਮੈਥੋਂ,
[15]ਕੜੇ ਕੈਂਠੇ[15] ਮੈਂ ਦੇਵਾਂਗੀ ਸੁੱਟ ਵਾਰੀ।53।
ਸਿੰਘਾਂ ਆਖਿਆ ਲੜਾਂਗੇ ਹੋ[16] ਟੋਟੇ,
ਸਾਨੂੰ ਖਬਰ ਘੱਲੀਂ[17] ਦਿਨੇ ਰਾਤ ਮਾਈ।
ਤੇਰੀ ਨੌਕਰੀ ਵਿਚ ਨਾ ਫ਼ਰਕ ਕਰਸਾਂ[18],
ਭਾਵੇਂ ਖੂਹ ਘੱਤੀ ਭਾਵੇਂ ਖਾਤ ਮਾਈ।
ਸਿੰਘਾਂ ਭੋਲਿਆਂ ਮੂਲ ਨਾ ਸਹੀ ਕੀਤਾ[19],
ਗੁੱਝਾ ਕਰਨ ਲਗੀ ਸਾਡਾ[20] ਘਾਤ ਮਾਈ।
ਸ਼ਾਹ ਮੁਹੰਮਦਾ ਅਜੇ ਨਾ ਜਾਣਿਓ ਨੇ,
[21]ਖ਼ਾਲੀ ਪਈ ਏ ਚੋਪੜੀ[21] ਪ੍ਰਾਤ ਮਾਈ।54।

---

1. 'ਸਭੇ' 2. 'ਨਾਲ ਜਾਵਣ' 3. 'ਪਾਸ' 4. 'ਕਲਗੀ ਵਾਲੜੇ ਖਾਲਸਾ ਹੋਣ ਮੋਹਰੇ, 5. 'ਅਗੇ' 6. 'ਬਾਰਾਂ' 7. 'ਲੜਾਈਆਂ' 8. 'ਖਜ਼ਾਨੜੇ' 9. 'ਟੁੱਟ' 10. 'ਜਮਨਾ ਤੀਕ ਜੋ ਪਿਆ ਹੈ ਮੁਲਖ ਸੁੰਞਾ' 11. 'ਖਾਵੋ' 12. 'ਪਰੋਜਪੁਰ' 13. 'ਲੁਦੇਹਾਨਾ' 14. 'ਲਓ' 15. 'ਕੈਂਠੇ ਕੜੇ' 16. 'ਹੋਇ' 17. 'ਭੇਜੀਂ' 18. 'ਕਰੀਏ' '19. 'ਕੀਤੀ' 20. 'ਸਾਡੀ' 21. 'ਖਾਲੀ ਚੋਪੜੀ ਪਈ ਜੇ'

ਦਿੱਤੀ ਮਾਈ ਨੇ ਜਦੋਂ ਦਿਲਬਰੀ ਭਾਰੀ,
ਸਿੰਘ ਬੈਠੇ ਨੀ ਹੋਏ ਸੁਚੇਤ ਮੀਆਂ ।
ਸੱਚੇ ਸਾਹਿਬ ਦੇ ਹੱਥ ਨੀ ਸੱਭ ਗੱਲਾਂ,
ਕਿਸੇ ਹਾਰ ਦੇਵੇ[1] ਕਿਸੇ ਜੇਤ ਮੀਆਂ ।
ਇਕ ਲੱਖ ਬੇਟਾ ਸਵਾ ਲੱਖ ਪੋਤਾ,
ਰਾਵਣ ਮਾਰਿਆ ਘਰ ਦੇ ਭੇਤ ਮੀਆਂ ।
ਸ਼ਾਹ ਮੁਹੰਮਦਾ ਜਾਣਦਾ ਜਗ ਸਾਰਾ,
ਕਈ ਸੂਰਮੇ ਆਉਣਗ[2] ਖੇਤ ਮੀਆਂ ।55।

ਸਿੰਘਾਂ ਸਾਰਿਆਂ ਬੈਠ ਗੁਰਮਤਾ ਕੀਤਾ,
ਚਲੋ ਜਾਏ[3] ਫ਼ਿਰੰਗੀ ਨੂੰ ਮਾਰੀਏ ਜੀ ।
ਇਕ ਵਾਰ ਜੇ ਸਾਹਮਣ ਹੋਇ ਸਾਡੇ,
ਇਕ ਘੜੀ ਵਿਚ ਪਾਰ[4] ਉਤਾਰੀਏ[5] ਜੀ ।
ਵੀਰ ਸਿੰਘ[6] ਜੇਹੇ ਅਸਾਂ[7] ਨਹੀਂ ਛੱਡੇ,
[8]ਅਸੀਂ ਕਦੀ ਨਾ[8] ਓਸ ਤੋਂ ਹਾਰੀਏ ਜੀ ।
ਸ਼ਾਹ ਮੁਹੰਮਦਾ ਮਾਰ ਕੇ ਲੁਧਿਆਣਾ[9],
ਫੌਜਾਂ ਦਿੱਲੀ ਦੇ ਵਿਚ ਉਤਾਰੀਏ ਜੀ ।56।

ਜ਼ਬਤ ਕਰਾਂਗੇ ਮਾਲ ਫਿਰੰਗੀਆਂ ਦਾ[10],
ਲੁਟ[11] ਲਵਾਂਗ[12] ਦੌਲਤਾਂ ਬੋਰੀਆਂ ਨੀ ।
ਫੇਰ[13] ਵੜਾਂਗੇ ਉਨ੍ਹਾਂ ਦੇ ਸਤਰ-ਖਾਨੇ,
ਬੰਨ੍ਹ ਲਵਾਂਗੇ[14] ਸਾਰੀਆਂ[15] ਗੋਰੀਆਂ ਨੀ ।
ਕਾਬਲ ਵਿਚ ਪਠਾਣ ਜਿਉਂ ਅਲੀ ਅਕਬਰ,
ਮਾਰ ਵੱਢ ਕੇ ਕੀਤੀਆਂ ਪੋਰੀਆਂ ਨੀ ।
ਸ਼ਾਹ ਮੁਹੰਮਦਾ ਲਵਾਂਗੇ[16] ਫੇਰ ਕੰਠੇ,
ਤਿੱਲੇਦਾਰ ਜੋ ਰੇਸ਼ਮੀ ਡੋਰੀਆਂ ਨੀ ।57।

---

1. 'ਦਿੰਦਾ' 2. 'ਆਵਣਗੇ' 3. 'ਹੁਣੇ' 4. 'ਮਾਰ' 5. 'ਉਖਾੜੀਏ' 6. 'ਭਾਈ ਵੀਰ ਸਿੰਘ' 7. 'ਅਸੀਂ' 8. 'ਅਸੀਂ ਕਾਸ ਨੂੰ' 9. 'ਲੁਦਿਹਾਣਾ' 10. 'ਦੇ' 11 'ਉਥੋਂ' 12. 'ਲਿਆਵਾਂਗੇ' 13. 'ਪਿਛੋਂ' 14. 'ਲਿਆਵਾਂਗੇ' 15. 'ਉਹਨਾਂ ਦੀਆਂ' 16. 'ਲਹਾਂਗੇ'

[1]ਧੌਂਸਾ ਵਜਿਆ[1] ਕੂਚ ਦਾ ਹੁਕਮ ਹੋਇਆ,
ਚੜ੍ਹੇ ਸੂਰਮੇ ਸਿੰਘ ਦਲੇਰ ਮੀਆਂ।
ਚੜ੍ਹੇ ਪੁੱਤਰ ਸਰਦਾਰਾਂ ਦੇ ਛੈਲ ਬਾਂਕੇ,
ਜੈਸੇ ਬੇਲਿਓਂ ਨਿਕਲਦੇ ਸ਼ੇਰ ਮੀਆਂ।
ਚੜ੍ਹੇ ਸਭ ਮਝੈਲ ਦੁਆਬੀਏ ਜੀ,
ਜਿਨ੍ਹਾਂ ਕਿਲ੍ਹੇ ਨਿਵਾਏ ਨੇ[2] ਢੇਰ ਮੀਆਂ।
ਸ਼ਾਹ ਮੁਹੰਮਦਾ ਚੜ੍ਹੇ[3] ਜਮੂਰ-ਖ਼ਾਨੇ,
ਹੋਇਆ ਹੁਕਮ ਨਾ ਲਾਂਵਦੇ ਦੇਰ ਮੀਆਂ।58।

ਸ਼ਾਮ[4] ਸਿੰਘ ਸਰਦਾਰ ਨੇ ਕੂਚ ਕੀਤਾ,
ਜੱਲ੍ਹੇ ਵਾਲੀਏ ਬਣਤ ਬਣਾਂਵਦੇ ਨੀ।
ਆਹੇ[5] ਹੋਰ ਪਹਾੜ ਦੇ ਸਭ ਰਾਜੇ,
ਜਿਹੜੇ ਤੇਗ਼ ਦੇ ਧਨੀ ਕਹਾਂਵਦੇ ਨੀ।
[6]ਚੜ੍ਹੇ ਸਭ ਸਿਰਦਾਰ ਮਜੀਠੀਏ ਜੀ[6],
ਸੰਧਾਵਾਲੀਏ ਕਾਠੀਆਂ ਪਾਂਵਦੇ ਨੀ।
ਸ਼ਾਹ ਮੁਹੰਮਦਾ ਚੜ੍ਹੀ ਅਕਾਲ ਰਜਮੰਟ[7],
ਖੰਡੇ ਸਾਰ ਦੇ ਸਿਕਲ ਕਰਾਂਵਦੇ ਨੀ।59।

ਮਜ਼ਹਰ ਅਲੀ ਤੇ ਮਾਘੇ[8] ਖਾਂ ਕੂਚ ਕੀਤਾ,
ਤੋਪਾਂ ਸ਼ਹਿਰ ਥੀਂ ਬਾਹਰ ਨਿਕਾਲੀਆਂ ਨੀ।
ਬੇੜਾ ਚੜ੍ਹਿਆ ਸੁਲਤਾਨ ਮਹਿਮੂਦ ਵਾਲਾ,
ਤੋਪਾਂ ਨਾਲ[9] ਇਮਾਮ ਸ਼ਾਹ ਵਾਲੀਆਂ ਨੀ।
ਇਲਾਹੀ ਬਖ਼ਸ਼ ਪਟੋਲੀ[10] ਮਾਂਜ ਕੇ ਜੀ,
ਧੂਪ ਦੇਇ ਕੇ ਤਖ਼ਤ ਬਹਾਲੀਆਂ ਨੀ।
ਸ਼ਾਹ ਮੁਹੰਮਦਾ ਐਸੀਆਂ [11]ਲਿਸ਼ਕ ਆਈਆਂ[11],
ਬਿਜਲੀ ਵਾਂਗ [12]ਜੋ ਦੇਣ ਵਿਖਾਲੀਆਂ[12] ਨੀ।60।

---

1. 'ਝੰਡੇ ਨਿਕਲੇ' 2. 'ਸੀ' 3. 'ਤੁਰੇ' 4. 'ਸ਼ਯਾਮ' 5. 'ਆਏ' 6. 'ਆਏ ਸਭ ਮਝੈਲ ਦੁਆਬੀਏ ਜੀ' 7. 'ਰਜਬਨ' 8. 'ਮਾਖੇ' 9. 'ਹੋਰ' 10. 'ਪਟੋਲੀਏ', 'ਪਟੋਲੀ ਨੇ' 11. 'ਸਿਕਲ ਹੋਈਆਂ' 12. 'ਤਾਂ ਦੇਣ ਦਿਖਾਲੀਆਂ'

ਸੁਣ ਕੇ ਖ਼ਬਰ ਫ਼ਿਰੰਗੀ ਦੀ ਚੜ੍ਹੇ ਸੱਭੇ[1],
ਫ਼ੌਜਾਂ [2]ਬੇਮੁਹਾਰੀਆਂ ਹੋ[2] ਤੁਰੀਆਂ ।
ਫੇਰ[3] ਵਾਰ ਕੁਵਾਰ ਨਾ ਕਿਸੇ ਡਿੱਠਾ,
ਇਕ ਦੂਸਰੇ[4] ਦੇ ਪਿਛੇ[5] ਲੱਗ ਟੁਰੀਆਂ ।
ਅੱਗੇ ਤੋਪਾਂ ਦੇ ਧਨੀ ਭੀ[6] ਹੈਨ ਗੋਰੇ,
ਵੰਗਾਂ [7]ਪਹਿਣ ਖਲੋਤੀਆਂ ਨਹੀਂ[7] ਕੁੜੀਆਂ ।
ਸ਼ਾਹ ਮੁਹੰਮਦਾ [8]ਵਰਜ ਨਾ[8] ਜਾਂਦਿਆਂ ਨੂੰ,
ਫ਼ੌਜਾਂ [9]ਹੋ ਮੁਹਾਨੀਆਂ[9] ਕਦ ਮੁੜੀਆਂ ।61।

ਚੜ੍ਹੇ ਸ਼ਹਿਰ ਲਾਹੌਰ ਥੀਂ ਮਾਰ ਧੌਂਸੇ,
[10]ਸਭੇ ਗਰਬ ਹਕਾਰ ਦੇ ਨਾਲ ਤੁਰਦੇ[10] ।
ਉਰੇ[11] ਦੋਹਾਂ ਦਰਿਆਵਾਂ ਤੇ ਨਹੀਂ ਅਟਕੇ,
ਪਤਨ ਲੰਘੇ ਨੀ [12]ਜਾ ਫ਼ੀਰੋਜ਼ਪੁਰ[12] ਦੇ ।
ਅੱਗੇ ਛੇੜਿਆ[13] ਨਹੀਂ ਫ਼ਿਰੰਗੀਆਂ ਨੂੰ,
ਦੋਹਾਂ ਧਿਰਾਂ ਦੇ ਰੁਲਣਗੇ ਬਹੁਤ ਮੁਰਦੇ ।
ਸ਼ਾਹ ਮੁਹੰਮਦਾ ਭੱਜਣਾ ਰਣੋਂ ਭਾਰੀ,
ਜੁਟੇ ਸੂਰਮੇ ਆਖ ਤੂੰ ਕਦੋਂ ਮੁੜਦੇ ।62।

ਲੱਗੀ ਧਮਕ ਸਾਰ ਹਿੰਦੁਸਤਾਨ ਅੰਦਰ,
ਦਿੱਲੀ, ਆਗਰੇ, ਹਾਂਸੀ, ਹਿਸਾਰ ਮੀਆਂ ।
ਬੀਕਾਨੇਰ, [14]ਲਖਨਊ, ਅਜਮੇਰ[14] ਜੈਪੁਰ,
ਪਈਆਂ ਭਾਜੜਾਂ ਜਮਨਾ ਤੋਂ ਪਾਰ ਮੀਆਂ ।
ਚੱਲੀ ਸਭ, ਪੰਜਾਬ ਦੀ ਬਾਦਸ਼ਾਹੀ,
ਨਹੀਂ ਦਲਾਂ ਦਾ ਅੰਤ ਸ਼ੁਮਾਰ ਮੀਆਂ ।
ਸ਼ਾਹ ਮੁਹੰਮਦਾ ਕਿਸੇ ਨਾ ਅਟਕਣਾ ਈ,
ਸਿੰਘ ਰਹਿਣਗੇ[15] ਦਿੱਲੀ ਨੂੰ ਮਾਰ ਮੀਆਂ ।63।

---

1. 'ਸਾਰੇ' 2. 'ਹੋਇ ਬੇਮੁਹਾਰੀਆਂ ਉਠ' 3. 'ਅਗੇ' 4. 'ਦੂਜੇ' 5. 'ਪਿਛੇ' ਜੋ, 'ਅਗੇ' 6. 'ਵੀ' 7. 'ਪਹਿਨ ਕੇ ਬੈਠੀਆਂ ਨਾਂਹਿ' 8. 'ਵਰਜਦੇ' 9. 'ਹੋਇ ਮੁਤਾਣੀਆਂ' 10. 'ਸਭੇ ਗਭਰੂ ਨਾਲ ਹੰਕਾਰ ਤੁਰਦੇ' 11. 'ਤੁਰੇ' 12. 'ਜਾਇ ਪਰੋਜ਼ਪੁਰ' 13. 'ਛੇੜਨਾ' 14. 'ਗੁਲਨੇਰ ਭਟਨੇਰ' 15. 'ਲੈਣਗੇ'

ਅਰਜ਼ੀ ਲਿਖੀ ਫ਼ਿਰੰਗੀਆਂ[1] ਖ਼ਾਲਸੇ ਨੂੰ,
ਤੁਸੀਂ ਕਾਸ ਨੂੰ ਜੰਗ ਮਚਾਵਦੇ ਹੋ।
ਮਹਾਰਾਜ ਦੇ ਨਾਲ ਸੀ ਨੇਮ ਸਾਡਾ,
ਤੁਸੀਂ ਸੁੱਤੀਆਂ ਕਲਾਂ ਜਗਾਂਵਦੇ ਹੋ।
ਕਈ ਲੱਖ ਰੁਪਏ[2] ਲੈ ਜਾਓ ਸਾਥੋਂ,
ਦਿਆਂ[3] ਹੋਰ ਜੋ ਤੁਸੀਂ ਫਰਮਾਂਵਦੇ ਹੋ।
ਸ਼ਾਹ ਮੁਹੰਮਦਾ ਅਸਾਂ ਨਾ ਮੂਲ ਲੜਨਾ,
ਤੁਸੀਂ [4]ਏਤਨਾ ਜ਼ੋਰ ਕਿਉਂ[4] ਲਾਂਵਦੇ ਹੋ।64।

ਸਿੰਘਾਂ ਲਿਖਿਆ ਖ਼ਤ ਫ਼ਿਰੰਗੀਆਂ ਨੂੰ,
ਤੈਨੂੰ ਮਾਰਾਂਗੇ ਅਸੀਂ ਵੰਗਾਰ ਕੇ ਜੀ।
ਸਾਨੂੰ ਨਹੀਂ ਰੁਪਏ[5] ਦੀ ਲੋੜ ਕਾਈ,
ਭਾਵੇਂ [6]ਦੇਹ ਤੂੰ[6] ਢੇਰ ਉਸਾਰ ਕੇ ਜੀ।
ਉਹੋ[7] ਪੰਥ ਤੇਰੇ ਉੱਤੇ ਆਣ ਚੜ੍ਹਿਆ,
ਜਿਹੜਾ ਆਇਆ ਸੀ ਜੰਮੂ ਨੂੰ ਮਾਰ ਕੇ ਜੀ।
ਸ਼ਾਹ ਮੁਹੰਮਦਾ ਸਾਮ੍ਹਣੇ ਡਾਹ ਤੋਪਾਂ,
ਸੂਰੇ ਕੱਢ ਮੈਦਾਨ ਨਿਤਾਰ ਕੇ ਜੀ[8]।65।

[9]ਪੇਂਚ ਲਿਖਦੇ[9] ਸਾਰੀਆਂ ਪੜਤਲਾਂ ਦੇ[10],
ਸਾਡੀ ਅੱਜ ਹੈ ਵੱਡੀ ਚਲੰਤ[11] ਮੀਆਂ।
ਵੀਰ ਸਿੰਘ ਨੂੰ ਮਾਰਿਆ ਡਾਹਿ[12] ਤੋਪਾਂ
ਨਹੀਂ ਛੱਡਿਆ ਸਾਧ ਤੇ ਸੰਤ ਮੀਆਂ।
[13]ਅਸਾਂ ਮਾਰੇ ਚੰਫੇਰ[13] ਦੇ ਕਿਲ੍ਹੇ ਭਾਰੇ,
ਅਸਾਂ ਮਾਰਿਆ ਕੁਲੂ ਭਟੰਤ[14] ਮੀਆਂ।
ਸ਼ਾਹ ਮੁਹੰਮਦਾ ਗੱਲ ਤਾਂ ਸੋਈ ਹੋਣੀ,
ਜਿਹੜੀ ਕਰੇਗਾ ਖ਼ਾਲਸਾ ਪੰਥ ਮੀਆਂ।66।

---

1. 'ਫਰੰਗੀ ਨੇ' 2. 'ਰੁਪਈਆ' 3. 'ਦੇਈਏ' 4. 'ਜ਼ੋਰ ਕਿਉਂ ਏਤਨਾ' 5. 'ਰੁਪਈਆਂ' 6. 'ਦੇਹ ਖਾਂ', 'ਦੇ ਤੂੰ' 7. 'ਊਹੋ', 'ਉਹ' 8. ਸ਼ਮਸ਼ੇਰ ਸਿੰਘ ਦੁਆਰਾ ਸੰਪਾਦਿਤ ਸੰਸਕਰਣ ਵਿਚ ਇਹ ਪੰਕਤੀ ਨਹੀਂ ਹੈ ਅਤੇ ਦੂਜੇ ਚਰਣ ਵਜੋਂ ਵਾਧੂ ਪੰਕਤੀ ਦਾ ਪਾਠ ਇਸ ਪ੍ਰਕਾਰ ਹੈ—'ਤੁਸੀਂ ਜਿਸ ਦੇ ਨਾਲ ਸੀ ਨੇਮ ਕੀਤਾ, ਸੋਈ ਰਿਹਾ ਨਾ ਵਿਚ ਸੰਸਾਰ ਦੇ ਜੀ' 9. 'ਪੈਂਚਾਂ ਲਿਖਿਆ' 10. 'ਨੂੰ' 11. 'ਚੜ੍ਹੰਤ' 12. 'ਢਾਹ' 13. 'ਮਾਰੇ ਅਸੀਂ ਚੁਫੇਰੇ' 14. 'ਭੁਟੰਤ'

ਦੂਰਬੀਨ ਫਿਰੰਗੀ[1] ਨੇ ਹੱਥ ਲੈ ਕੇ,
ਕੀਤਾ ਫ਼ੌਜ ਦਾ ਸਭ ਸ਼ੁਮਾਰ ਮੀਆਂ।
ਜਿਨ੍ਹੀਂ ਥਾਈਂ[2] ਸੀ ਜਮ੍ਹਾ ਜਮੂਰਖਾਨੇ[3],
ਕੀਤੇ ਸਾਹਿਬ ਮਲੂਮ[4] ਹਜ਼ਾਰ ਮੀਆਂ।
ਦਾਰੂ ਵੰਡਿਆ [5]ਸੂਰਿਆਂ ਜੰਗੀਆਂ[5] ਨੂੰ,
ਦੋ ਦੋ ਬੋਤਲਾਂ ਕੈਫ਼ ਖ਼ੁਮਾਰ ਮੀਆਂ।
ਸ਼ਾਹ ਮੁਹੰਮਦਾ ਪੀ ਸ਼ਰਾਬ ਗੋਰੇ,
ਹੋਏ ਜੰਗ ਨੂੰ ਤੁਰਤ ਤਿਆਰ ਮੀਆਂ।67।

ਇਕ ਪਿੰਡ ਦਾ ਨਾਮ ਜੋ ਮੁਦਕੀ ਸੀ,
ਓਥੇ ਭਰੀ ਸੀ ਪਾਣੀ ਦੀ ਖੱਡ ਮੀਆਂ।
[6]ਘੋੜ-ਚੜ੍ਹੇ ਅਕਾਲੀਏ ਨਵੇਂ ਸਾਰੇ,
ਝੰਡੇ ਦਿੱਤੇ ਨੀ ਜਾਇ ਕੇ ਗੱਡ ਮੀਆਂ[6]।
ਤੋਪਾਂ ਚੱਲੀਆਂ ਕਟਕ ਫ਼ਿਰਗੀਆਂ ਦੇ[7],
ਗੋਲੇ ਤੋੜਦੇ ਮਾਸ ਤੇ ਹੱਡ ਮੀਆਂ।
ਸ਼ਾਹ ਮੁਹੰਮਦਾ ਪਿਛਾਂ[8] ਨੂੰ ਉੱਠ ਨੱਠੇ[9],
ਤੋਪਾਂ ਸਭ ਆਏ ਓਥੇ ਛਡ ਮੀਆਂ।68।

ਡੇਰੇ ਆਣ ਕੇ ਸਭੇ[10] ਸਲਾਹ ਕਰਦੇ,
ਐਤਵਾਰ ਅਸੀਂ ਖੰਡਾ ਫੜਾਂਗੇ ਜੀ।
ਤੇਜਾ ਸਿੰਘ ਦੀ ਵੱਡੀ ਉਡੀਕ ਸਾਨੂੰ,
ਉਸ[11] ਦੇ ਆਏ ਬਗੈਰ ਨਾ ਲੜਾਂਗੇ ਜੀ।
ਸਰਫਾ ਜਾਨ ਦਾ ਨਹੀਂ ਜੇ ਤਦੋਂ[12] ਕਰਨਾ,
ਜਦੋਂ ਵਿਚ ਮੈਦਾਨ ਦੇ ਅੜਾਗੇ[13] ਜੀ।
ਸ਼ਾਹ ਮੁਹੰਮਦਾ [14]ਅੰਦਰੋਂ ਇਕ ਹੋ ਕੇ[14],
ਡੇਰੇ ਚੱਲ ਫ਼ਿਰੰਗੀ ਦੇ ਵੜਾਂਗੇ ਜੀ।69।

---

1. 'ਅੰਗਰੇਜ਼' 2. 'ਥਾਵੀਂ' 3. 'ਬਾਰੂਦਖਾਨੇ' 4. 'ਮਾਲੂਮ' 5. 'ਜੰਗੀਆਂ ਸੂਰਿਆਂ' 6. 'ਘੋੜ ਚੜ੍ਹੇ ਤੇ ਨਵੇਂ ਅਕਾਲੀਏ ਜੀ, ਝੰਡੇ ਦੇਂਵਦੇ ਅਗੇ ਜਾਇ ਗਡ ਮੀਆਂ' 7. 'ਦਾ' 8. 'ਪਿਛਾਂਹ' 9. 'ਨੱਸੇ' 10. 'ਬੈਠ' 11. 'ਉਹ' 12. 'ਮੂਲ' 13. 'ਵੜਾਂਗੇ' 14. 'ਇਕ ਦੂੰ ਇਕ ਹੋਕੇ' 'ਇਕ ਦੂੰ ਇਕ ਹੋਵੇ'

ਤੇਜਾ ਸਿੰਘ ਭੀ[1] ਲਸ਼ਕਰੀ ਆਣ ਵੜਿਆ,
ਹੁਦੇਦਾਰ ਸਭੈ ਉਥੇ ਆਂਵਦੇ ਨੀ ।
[2]ਕਰੋ ਹੁਕਮ ਤੇ ਤੇਗ ਉਠਾਈਏ ਜੀ[2],
ਪਏ ਸਿੰਘ ਕਚੀਚੀਆਂ[3] ਖਾਂਵਦੇ ਨੀ ।
ਕੂੰਜਾਂ ਨਜ਼ਰ ਆਈਆਂ ਬਾਜ਼ਾਂ ਭੁਖਿਆਂ ਨੂੰ,
ਚੋਟਾਂ ਕੈਸੀਆਂ ਵੇਖ ਚਲਾਂਵਦੇ ਨੀ ।
ਸ਼ਾਹ ਮੁਹੰਮਦਾ ਓਸ ਥੀ[4] ਹੁਕਮ ਲੈ ਕੇ,
ਹੱਲਾ ਕਰਨ ਦੀ ਡੌਲ[5] ਬਣਾਂਵਦੇ ਨੀ ।70।

ਫੇਰੂ ਸ਼ਹਿਰ ਦੇ ਹੇਠ ਜਾਂ ਖੇਤ ਰੁੱਧੇ,
ਤੋਪਾਂ ਚੱਲੀਆਂ ਨੀ ਵਾਂਗੂ ਤੋੜਿਆਂ ਦੇ।
ਸਿੰਘ ਸੂਰਮੇ ਆਣ ਮੈਦਾਨ ਲੱਥੇ,
ਗੰਜ ਲਾਹ ਸੁੱਟੇ ਉਨ੍ਹਾਂ ਗੋਰਿਆਂ ਦੇ ।
ਟੁੰਡੇ ਲਾਟ ਨੇ ਅੰਤ ਨੂੰ ਖਾਇ ਗੁੱਸਾ,
ਫੇਰ ਦਿੱਤੇ ਨੀ ਲੱਖ ਢੰਡੋਰਿਆਂ ਦੇ ।
ਸ਼ਾਹ ਮੁਹੰਮਦਾ ਰੰਡ ਬੈਠਾਇ ਲੰਦਨ,
ਸਿੰਘ ਜਾਨ ਲੈਂਦੇ ਨਾਲ ਜ਼ੋਰਿਆਂ ਦੇ ।71।

ਹੁਕਮ ਲਾਟ ਕੀਤਾ ਲਸ਼ਕਰ ਆਪਣੇ ਨੂੰ,
ਤੁਸਾਂ ਲਾਜ ਅੰਗਰੇਜ਼ ਦੀ ਰੱਖਣੀ ਜੀ ।
ਸਿੰਘਾਂ ਮਾਰ ਕੇ ਕਟਕ ਮੁਕਾਇ ਦਿੱਤੇ,
ਹਿੰਦੁਸਤਾਨੀ ਤੇ ਪੂਰਬੀ ਦੱਖਣੀ ਜੀ ।
ਲੰਦਨ ਟਾਪੂਆਂ ਵਿਚ ਕੁਰਲਾਟ ਹੋਈ,
ਕੁਰਸੀ ਚਾਰ ਹਜ਼ਾਰੇ ਹੈ ਸੱਖਣੀ ਜੀ ।
ਸ਼ਾਹ ਮੁਹੰਮਦਾ [6]ਲਾਟ ਹੁਣ ਕਹਿਣ ਲੱਗਾ[6],
[7]ਰੁੱਤ ਸਿੰਘ ਸਿਪਾਹੀ ਦੀ ਚੱਖਣੀ ਜੀ[7] ।72।

---

1. 'ਜੋ' 2. 'ਹੁਕਮ ਹੋਵੇ ਤਾਂ ਤੇਗ ਉਠਾਇ ਲਈਏ' 3. 'ਕਲੀਲੀਆਂ' 4. 'ਥੋਂ' 5. 'ਵਿਉਂਤ' 6. 'ਕਰਨੀ ਪੰਜਾਬ ਖਾਲੀ', 'ਤੁਸੀਂ ਪੰਜਾਬੀਓ ਜੀ' 7. 'ਕੀਰਤਿ ਸਿੰਘ ਸਿਪਾਹੀ ਦੀ ਰਖਣੀ ਜੀ'

ਹੋਇਆ ਹੁਕਮ ਅੰਗਰੇਜ਼ ਦਾ ਤੁਰਤ ਜਲਦੀ,
ਤੋਪਾਂ ਸਾਰੀਆਂ[1] ਨੀਰ ਦੇ[2] ਆਇ ਪੱਲੇ।
ਫੂਕ ਸੁੱਟੀਆਂ ਸਾਰੀਆਂ ਮੈਗਜ਼ੀਨਾਂ[3],
ਸਿੰਘ ਉਠ[4] ਕੇ ਪੱਤਰਾ ਹੋਏ ਚਲੇ।
ਛੋਲਦਾਰੀਆਂ ਤੰਬੂਆਂ ਛਡ ਦੌੜੇ,
[5]ਕੋਈ ਚੀਜ਼ ਨਾ ਲਈ ਏ ਬੰਨ੍ਹ ਪੱਲੇ[5]।
ਓੜਕ ਲਿਆ ਮੈਦਾਨ ਫ਼ਿਰੰਗੀਆਂ ਨੇ,
ਸ਼ਾਹ ਮੁਹੰਮਦਾ ਰਣੇਂ ਨਹੀਂ ਮੂਲ ਹੱਲੇ।73।

ਉਧਰ[6] ਆਪ ਫ਼ਿਰੰਗੀ ਨੂੰ ਭਾਂਜ ਆਈ,
ਦੌੜੇ ਜਾਣ ਗੋਰੇ ਦਿੱਤੀ ਕੰਡ ਮੀਆਂ।
ਚੱਲੇ ਤੋਪਖਾਨੇ ਸਾਰੇ ਗੋਰਿਆਂ[7] ਦੇ,
ਮਗਰ[8] ਹੋਈ ਬੰਦੂਕਾਂ ਦੀ ਫੰਡ ਮੀਆਂ।
ਕਿਨੇ ਜਾਇ ਕੇ [9]ਲਾਟ ਨੂੰ[9] ਖ਼ਬਰ ਦਿੱਤੀ,
ਲੰਦਨ ਹੋਈ ਬੈਠੀ ਤੇਰੀ ਰੰਡ ਮੀਆਂ।
ਸ਼ਾਹ ਮੁਹੰਮਦਾ ਦੇਖ ਮੈਦਾਨ ਜਾ ਕੇ,
ਰੁਲਦੀ ਗੋਰਿਆਂ ਦੀ ਪਈ[10] ਝੰਡ ਮੀਆਂ।74।

ਪਹਾੜਾ ਸਿੰਘ ਸੀ ਯਾਰ ਫ਼ਿਰੰਗੀਆਂ ਦਾ,
ਸਿੰਘਾਂ ਨਾਲ ਸੀ ਓਸ ਦੀ ਗ਼ੈਰਸਾਲੀ।
[11]ਉਹ ਤਾਂ ਭਜ ਕੇ ਲਾਟ[11] ਨੂੰ ਜਾਇ ਮਿਲਿਆ,
ਗਲ ਜਾਇ ਦੱਸੀ ਸਾਰੀ ਭੇਤ ਵਾਲੀ।
ਉਥੋਂ ਹੋ ਗਿਆ ਹਰਨ ਹੈ ਖ਼ਾਲਸਾ ਜੀ,
ਚੌਦਾਂ ਹੱਥਾਂ ਦੀ ਮਾਰ ਕੇ ਮਿਰਗ-ਛਾਲੀ[12]।
ਸ਼ਾਹ ਮੁਹੰਮਦਾ ਸਾਂਭ[13] ਲੈ ਸਿਲੇ ਖ਼ਾਨੇ,
ਛੱਡ ਗਏ ਨੇ ਸਿੰਘ ਮੈਦਾਨ ਖ਼ਾਲੀ।75।

---

1. 'ਮਾਰੀਆਂ' 2. 'ਤੀਰ' 3. 'ਮੇਖਜੀਨਾ' 4. 'ਉਡ' 5. 'ਕੋਈ ਚੀਜ਼ ਲਈ ਨਹੀਂ ਮੂਲ ਪੱਲੇ' 6. 'ਉਧਰੋਂ' 7. 'ਬੇੜਿਆਂ' 8. 'ਮਗਰੋਂ' 9. 'ਲਿਆਇ ਕੇ' 10. 'ਓਥੇ' 11. 'ਪਿਛੋਂ ਭੱਜ ਕੇ' 12. 'ਜਾਣ-ਛਾਲੀ' 13, 'ਸਾਥ'

ਮੁੜ ਕੇ ਫਿਰ ਫ਼ਿਰੰਗੀਆਂ ਜ਼ੋਰ ਕੀਤਾ[1],
ਲਾਟਾਂਦਾਰ ਗੋਲੇ ਜਦੋਂ[2] ਆਣ ਛੁੱਟੇ।
ਉਡੀ ਰਾਲ ਤੇ ਚਾਦਰਾਂ ਕੜਕੀਆਂ ਨੀ,
ਕੈਰਵ[3] ਪਾਂਡਵਾਂ ਦੇ ਜੈਸੇ ਬਾਣ ਛੁੱਟੇ।
ਜਦੋਂ ਡਿੱਠੇ ਨੀਂ ਹੱਥ ਫ਼ਿਰੰਗੀਆਂ ਦੇ,
ਓਥੇ ਕਈਆਂ ਦੇ ਆਣ ਪ੍ਰਾਣ ਛੁੱਟੇ।
ਸ਼ਾਹ ਮੁਹੰਮਦਾ ਇਕ ਸੌ ਤੇਈ ਤੋਪਾਂ,
ਤੋਸ਼ੇਖਾਨੇ ਫਿਰੰਗੀਆਂ ਆਣ ਲੁੱਟੇ।76।

ਜਦੋਂ[4] ਪਿਆ ਹਰਾਸ ਤੇ ਕਰਨ ਗੱਲਾਂ,
ਮੁੰਡੇ ਘੋੜ-ਚੜ੍ਹੇ ਨਵੇਂ ਛੋਕਰੇ ਜੀ।
ਅੱਧੀ ਰਾਤ ਨੂੰ ਉਠ ਕੇ ਖਿਸਕ ਤੁਰੀਏ,
ਕਿਥੋਂ ਪਏ ਗੋਰੇ ਸਾਨੂੰ ਓਪਰੇ ਜੀ।
ਵਾਹੀ ਕਰਦੇ ਤੇ ਰੋਟੀਆਂ ਖ਼ੂਬ ਖਾਂਦੇ,
ਅਸੀਂ ਕਿੰਨ੍ਹਾਂ[5] ਦੇ ਹਾਂ [6]ਪੁੱਤ ਪੋਤਰੇ[6] ਜੀ।
ਸ਼ਾਹ ਮੁਹੰਮਦਾ ਖੂਹਾਂ ਤੇ ਮਿਲਕ[7] ਵਾਲੇ,
ਅਸੀਂ ਦਬ ਕੇ ਲਾਵਾਂਗੇ ਜਤੋਰੇ ਜੀ।77।

ਜਿਹੜੇ ਜੀਂਵਦੇ ਰਹੇ ਸੋ ਪਏ ਸੋਚੀਂ,
ਹੋਏ ਭੁਖ ਦੇ ਨਾਲ ਜ਼ਹੀਰ ਮੀਆਂ।
ਬੁਰੇ ਜਿੰਨ ਹੋ ਕੇ ਸਾਨੂੰ ਪਏ ਗੋਰੇ,
ਅਸੀਂ ਜਾਣਦੇ ਸਾਂ ਕੋਈ ਕੀਰ ਮੀਆਂ।
ਅਸਾ ਸ਼ਹਿਦ ਦੇ ਵਾਸਤੇ ਹੱਥ ਪਾਇਆ,
ਅਗੋਂ ਡੂਮਣਾ ਛਿੜ ਮਖੀਰ ਮੀਆਂ।
ਸ਼ਾਹ ਮੁਹੰਮਦਾ ਰਾਹ ਨਾ ਕੋਈ ਲੱਭ,
ਜਿਥੇ ਚੱਲੀਏ ਘੱਤ ਵਹੀਰ ਮੀਆਂ।78।

---

1. 'ਪਾਇਆ' 2. 'ਓਥੇ' 3. 'ਕੈਰੋ' 4. 'ਤਦੋਂ' 5. 'ਜਿੰਨ੍ਹਾਂ' 6. 'ਪੁਤ੍ਰ ਤੇ ਪੋਤਰੇ' 7. 'ਮਿਲਖ'।

ਘਰੋਂ ਗਏ ਫ਼ਿਰੰਗੀ ਦੇ ਮਾਰਨੇ ਨੂੰ,
ਬੇੜੇ ਤੋਪਾਂ ਦੇ ਸਭ ਖੁਹਾਇ[1] ਆਏ।
ਛੇੜ ਆਫ਼ਤਾਂ ਨੂੰ ਮਗਰ ਲਾਇਓ ਨੇ,
ਸਗੋਂ ਆਪਣਾ ਆਪ ਗਵਾਇ ਆਏ।
ਖ਼ੁਸ਼ੀ[2] ਵਸਦਾ ਸ਼ਹਿਰ ਲਾਹੌਰ ਸਾਰਾ,
ਸਗੋਂ ਕੁੰਜੀਆਂ ਹੱਥ ਫੜਾਇ ਆਏ।
ਸ਼ਾਹ ਮੁਹੰਮਦਾ ਕਹਿੰਦੇ ਨੇ ਲੋਕ ਸਿੰਘ ਜੀ,
ਤੁਸੀਂ ਚੰਗੀਆਂ ਪੂਰੀਆਂ ਪਾਇ ਆਏ।79।

ਘਰੀਂ ਜਾਇ ਕੇ ਫੇਰ[3] ਆਰਾਮ ਕੀਤਾ,
ਕਿਸੇ ਰਾਤ ਕਿਸੇ ਦੋਇ ਰਾਤ ਮੀਆਂ।
ਪਿਛੋਂ ਫੇਰ ਸਰਦਾਰਾਂ ਨੇ ਸੱਦ ਭੇਜੇ,
ਜੋ ਕੋਈ ਸਿੰਘ ਸਿਪਾਹੀ ਦੀ ਜ਼ਾਤ ਮੀਆਂ।
ਕਿੱਥੇ ਲੁਕੋਗੇ ਜਾਇ ਕੇ ਖ਼ਾਲਸਾ ਜੀ,
ਦੱਸੋ ਖੋਲ੍ਹ ਕੇ ਅਸਲ ਦੀ ਬਾਤ ਮੀਆਂ।
ਸ਼ਾਹ ਮੁਹੰਮਦਾ ਫੇਰ ਇਕੱਠ ਹੋਇਆ[4],
ਲੱਗੀ ਚਾਨਣੀ[5] ਹੋਰ ਕਨਾਤ ਮੀਆਂ।80।

ਕੰਢੇ ਪਾਰ ਦੇ ਜਮ੍ਹਾਂ [6]ਜਾਂ ਹੋਇ ਡੇਰੇ[6],
[7]ਇਹ ਤਾਂ ਨੌਕਰੀ[7] ਘਰੀਂ ਨਾ ਮਿਲਣ ਜਾਣੇ।
ਡੇਰੀਂ[8] ਆਣ ਕੇ ਬਹੁਤ ਵੀਚਾਰ[9] ਹੋਇਆ,
ਹੋਈਆਂ [10]ਬੁਤਕੀਆਂ ਬੰਦ ਤੇ ਵਿਕਣ[10] ਦਾਣੇ।
ਛਹੀ[11] ਕੱਢ ਕੇ ਮੋਰਚੀਂ ਆਇ ਬਹਿੰਦੇ[12],
ਡੇਰੀ[13] ਆਇ[14] ਕੇ ਫੇਰ ਪ੍ਰਸਾਦਿ ਖਾਣੇ।
ਸ਼ਾਹ ਮੁਹੰਮਦਾ ਸੱਭੇ[15] ਮਲੂਮ[16] ਕੀਤੀ,
ਕੀਕੂੰ ਹੋਈ ਸੀ ਦੱਸ ਖਾਂ ਲੁਧਿਆਣੇ।81।

---

1. 'ਮੁਹਾਇ' 2. 'ਸੁਖੀ' 3. 'ਕਿਸੇ' 4. 'ਕਠੋ' 5. 'ਚਾਂਦਨੀ' 6. 'ਜੋ ਹੋਇਆ ਡੇਰਾ' 7. 'ਨੌਕਰ ਇਵੇਂ ਦੇ'—'ਇਵੇਂ' ਦੀ ਥਾਂ 'ਈਨ' ਪਾਠ ਵੀ ਹੈ 8. 'ਡੇਰੇ' 9. 'ਵਿਰਲਾਪ' 10. 'ਭਰਤੀਆਂ ਤੇ ਓਥੇ', 'ਭਰਤੀਆਂ ਬੰਦ ਨਾ' 11. 'ਛਹੀਆਂ' 12. 'ਬੈਠੇ' 13. 'ਡੇਰੇ' 14. 'ਆਣ' 15. 'ਸਭ' 16. 'ਮਾਲੂਮ'

ਸਰਦਾਰ ਰਣਜੋਧ ਸਿੰਘ ਫ਼ੌਜ ਲੈ ਕੇ,
ਤਰਫ[1] ਲਾਡੂਏ ਵਾਲੇ ਦੀ ਚੱਲਿਆ ਈ।
ਓਥੇ[2] ਸੱਭ ਕਬੀਲੇ ਸੀ ਕੈਦ ਹੋਏ,
ਕੋਈ ਲਾਟ ਫ਼ਿਰੰਗੀ ਨੇ ਘੱਲਿਆ ਈ।
ਉਨ੍ਹਾਂ[3] ਜਾਇ ਖੋਹੀਆਂ ਬਾਦਸ਼ਾਹੀਆਂ[4] ਨੀ,
ਉਸ[5] ਦਾ ਜ਼ੋਰ ਨਾ ਕਿਸੇ ਨੇ ਝੱਲਿਆ ਈ।
ਸ਼ਾਹ ਮੁਹੰਮਦਾ ਛਾਵਣੀ ਫੂਕ ਦਿੱਤੀ,
ਵਿਚੋਂ ਜੀਊ ਫ਼ਿਰੰਗੀ ਦਾ ਹੱਲਿਆ ਈ[6] ।82।

ਚਾਰ ਪੜਤਲਾਂ ਲੈ ਮੇਵਾ ਸਿੰਘ ਆਇਆ,
ਸਿੰਘ ਆਪਣੇ ਹੱਥ ਹਥਿਆਰ ਲੈਂਦੇ।
ਇਨ੍ਹਾਂ ਬਹੁਤ ਫ਼ਿਰੰਗੀ ਦੀ ਫੌਜ ਮਾਰੀ,
ਲੁਟਾਂ ਭਾਰੀਆਂ ਬਾਝ ਸ਼ੁਮਾਰ ਲੈਂਦੇ।
ਤੋਪਾਂ [7]ਉਠ ਹਾਥੀ ਮਾਲ ਲਾਖ ਘੋੜੇ[7],
ਡੇਰੇ ਆਪਣੇ ਸਿੰਘ ਉਤਾਰ ਲੈਂਦੇ।
ਸ਼ਾਹ ਮੁਹੰਮਦਾ ਸਿੰਘ ਜੇ ਜ਼ੋਰ ਕਰਦੇ,
ਭਾਵੇਂ ਲੁਧਿਆਣਾ ਤਦੋਂ[8] ਮਾਰ ਲੈਂਦੇ।83।

ਮਹਕਮ ਦੀਨ ਸਰਦਾਰ ਨੂੰ[9] ਲਿਖੀ ਅਰਜ਼ੀ,
ਤੁਸਾਂ ਰਸਦ[10] ਲੁੱਟੇ ਚੰਗੇ ਸ਼ਾਨ ਦੇ ਜੀ।
ਦੇਹੋ[11] ਭੇਜ ਉਰਾਰ ਸੱਭ ਕਾਰਖ਼ਾਨੇ,
[12]ਪਇਓ ਗੱਜਿਓ ਵਿਚ ਮੈਦਾਨ ਦੇ ਜੀ[12]।
ਤੈਨੂੰ ਅਜ ਹਜ਼ੂਰ ਥੀਂ ਫਤਿਹ ਆਈ,
ਖਬਰਾਂ ਓਡੀਆਂ ਵਿਚ ਜਹਾਨ ਦੇ ਜੀ।
ਸ਼ਾਹ ਮੁਹੰਮਦਾ ਵੈਰੀ ਨੂੰ ਜਾਣ ਹਾਜ਼ਰ,
ਸਦਾ ਰੱਖੀਏ ਵਿਚ ਧਿਆਨ ਦੇ ਜੀ।84।

---

1. 'ਮਦਦ' 2. 'ਉਹਦੇ' 3. 'ਇਨ੍ਹਾਂ' 4. 'ਬੰਦਾਂ ਸਾਰੀਆਂ' 5. 'ਇਹ' 6. ਕਿਤੇ ਕਿਤੇ ਚੌਂਹਾਂ ਪੰਕਤੀਆਂ ਵਿਚ 'ਈ' ਦੀ ਥਾਂ 'ਜੇ' ਪਾਠਾਂਤਰ ਵੀ ਹੈ 7. 'ਸੁਤਰ ਹਾਥੀ ਊਠ ਲਖ ਗਡੇ', 8. 'ਤਦੋਂ ਤੋਂ' 9. 'ਨੇ' 10. 'ਤਰਫ' 11. 'ਦੇਹ' 12. 'ਅਸੀਂ ਰੱਖਾਂਗੇ ਨਾਲ ਰਮਾਨ ਦੇ ਜੀ' 'ਅਸੀਂ ਰੱਖਾਂਗੇ ਵਿਚ ਮੈਦਾਨ ਦੇ ਜੀ'

ਸੱਠਾਂ ਕੋਹਾਂ ਦਾ ਪੰਧ ਸੀ ਲੁਧਿਆਣਾ[1],
ਰਾਤੋ ਰਾਤ ਕੀਤੀ ਟੁੰਡੇ ਦੌੜ ਮੀਆਂ।
ਉਹ ਭੀ ਲੁੱਟਿਆ ਲਾਟ ਨੇ ਆਣ ਡੇਰਾ,
[2]ਸੱਭ ਖੋਹ ਕੇ ਕੀਤੀਆਂ ਰੌੜ ਮੀਆਂ[2]।
ਝੱਲੀ ਅਬੂਤਬੇਲੇ ਦੀ[3] ਪੜਤਲਾਂ ਨੇ,
ਅੱਧੀ[4] ਘੜੀ ਲੜਾਈ ਦੀ ਸੌੜ ਮੀਆਂ।
ਸ਼ਾਹ ਮੁਹੰਮਦਾ ਸਿੰਘ ਲੁਟਾਇ ਡੇਰੇ,
ਕਰ ਆਏ ਨੇ[5] ਤਰੱਟੀਆਂ ਚੌੜ ਮੀਆਂ।85।

ਪਹਿਲੇ ਹੱਲਿਉਂ ਸਿੰਘ ਜੋ ਨਿਕਲ ਨੱਠੇ[6],
ਪਏ [7]ਔਝੜੇ ਔਝੜੇ[7] ਜਾਂਵਦੇ ਨੀ।
ਲੀੜੇ[8] ਗਏ ਸਾਰੇ ਰਹੀ ਇਕ ਕੁੜਤੀ,
ਬਾਹਾਂ ਹਿੱਕ ਦੇ ਨਾਲ ਲਗਾਂਵਦੇ ਨੀ।
ਅੱਗੋਂ ਲੋਕ ਲੜਾਈ ਦੀ ਗੱਲ ਪੁੱਛਣ,
ਜੀਭ ਹੇਠਾਂ [9]ਬੀ ਖੋਲ੍ਹ ਦਿਖਾਂਵਦੇ ਨੀ[9]।
ਸ਼ਾਹ ਮੁਹੰਮਦਾ ਆਣ[10] ਕੇ ਘਰਦਿਆਂ ਤੋਂ,
ਨਵੇਂ ਕਪੜੇ ਹੋਰ ਸਿਵਾਂਵਦੇ ਨੀ 86।

ਕਹਿੰਦੇ ਜਿਉਂਦੇ[11] ਫੇਰ ਨਾ ਕਦੀ ਜਾਣਾ,
ਮੂੰਹ [12]ਨਾ ਲਗਣਾ ਓਸ[12] ਚੰਡਾਲ ਦੇ ਜੀ।
ਕਿਤੇ ਜਾਇ ਕੇ ਚਾਰ ਦਿਨ ਕੱਟ ਆਈਏ,
ਢੂੰਡਣ [13]ਆਉਣਗ ਸਾਡੇ[13] ਨਾਲ ਦੇ ਜੀ।
ਤੁਸਾਂ ਆਖਿਆ ਮਾਰਿਆ[14] ਲੁਧਿਆਣਾ[15],
ਅਸੀਂ ਫਿਰਦੇ ਹਾਂ ਢੂੰਡਦੇ ਭਾਲਦੇ ਜੀ।
ਸ਼ਾਹ ਮੁਹੰਮਦਾ ਰਹੇ ਹੁਸਿਆਰ ਓਥੇ,
[16]ਲੜੇ ਨਹੀਂ ਅਜੇ[16] ਸਾਡੇ ਨਾਲ ਦੇ ਜੀ।87।

---

1. 'ਲੁਦਿਆਣਾ' 2. 'ਤੋਪਾਂ ਸਭ ਖੋਈਆਂ ਕੀਤੀ ਚੌੜ ਮੀਆਂ' 3. 'ਦੀਆਂ' 4. 'ਅੱਧ' 5. 'ਨੀ' 6. 'ਸਾਰੇ' 7. 'ਅਉਝੜੀਂ ਅਉਝੜੀਂ' 8. 'ਲੁੱਟੇ' 9. 'ਤੇ ਫੇਰ ਦਿਖਾਂਵਦੇ ਨੀ' 10. 'ਆਇ' 11. 'ਜੀਉਂਦਿਆਂ' 12, 'ਲੰਗਣਾ ਨਹੀਂ' 13. 'ਆਵਣੀਗੇ ਸਾਡੇ', 'ਆਵਣੀਗੇ ਸਾਡੇ ਭੀ' 14. 'ਮਰ ਗਿਆ' 15. 'ਲੁਦਿਹਾਣਾ 16. 'ਲੀੜੇ ਨਹੀਂ ਆਏ'

ਪਿੱਛੋ ਬੈਠ ਸਰਦਾਰਾਂ ਗੁਰਮਤਾ ਕੀਤਾ,
ਕੋਈ ਅਕਲ ਦਾ ਕਰੋ ਇਲਾਜ ਯਾਰੋ।
ਛੋੜ[1] ਬੁਰਛਿਆਂ ਦੀ ਸਾਡੇ ਪੇਸ਼ ਆਈ[2],
ਪਗ[3] ਦਾੜ੍ਹੀਆਂ ਦੀ ਰਖੋ ਲਾਜ ਯਾਰੋ।
ਮੁਠ ਮੀਟੀ ਸੀ ਏਸ ਪੰਜਾਬ ਦੀ ਜੀ,
ਇਨ੍ਹਾਂ ਖੋਲ੍ਹ ਦਿੱਤਾ ਅਜ ਪਾਜ ਯਾਰ।
ਸ਼ਾਹ ਮੁਹੰਮਦਾ ਮਾਰ ਕੇ ਮਰੋ ਏਥੇ,
ਕਦੀ ਰਾਜ ਨਾ ਹੋਇ ਮੁਹਤਾਜ ਯਾਰੋ।88।

ਤੀਜੀ ਵਾਰ ਲਲਕਾਰ ਕੇ ਪਏ ਗੋਰੇ,
[4]ਪਏ ਵੱਜਦੇ ਢੋਲ[4] ਤੰਬੂਰ ਮੀਆਂ।
ਕੱਸ ਲਈਆਂ ਨੀ ਸਿੰਘਾਂ ਨੇ ਤੁਰਤ ਕਮਰਾਂ,
ਕਾਇਮ ਜੰਗ ਨੂੰ ਹੋਏ ਜ਼ਰੂਰ ਮੀਆਂ।
ਪਹਿਲਾਂ ਬਾਂਵਿਓਂ ਆਣ ਕੇ ਜ਼ੋਰ ਦਿੱਤਾ,
ਪਿਆ ਦਲਾਂ ਦੇ ਵਿਚ ਫ਼ਤੂਰ ਮੀਆਂ।
ਸ਼ਾਹ ਮੁਹੰਮਦਾ ਨੱਸ[5] ਕੇ ਜਾਣ ਕਿੱਥੇ,
ਇਥੋਂ ਸ਼ਹਿਰ ਲਾਹੌਰ ਹੈ ਦੂਰ ਮੀਆਂ।89।

ਆਈਆਂ ਪਲਟਨਾਂ ਬੀੜ ਕੇ ਤੋਪਖਾਨੇ,
ਅਗੋਂ ਸਿੰਘਾਂ ਨੇ ਪਾਸੇ[6] ਤੋੜ ਸੁੱਟੇ।
[7]ਮੇਵਾ ਸਿੰਘ ਤੇ ਮਾਘੇ ਖਾਂ[7] ਹੋਏ ਸਿੱਧੇ,
ਹੱਲੇ ਤਿੰਨ ਫ਼ਿਰੰਗੀ ਦੇ ਮੋੜ ਸੁਟੇ।
ਸ਼ਾਮ[8] ਸਿੰਘ ਸਰਦਾਸ ਅਟਾਰੀ ਵਾਲੇ,
ਬੰਨ੍ਹ[9] ਸ਼ਸਤ੍ਰੀ ਜੋੜ ਵਿਛੋੜ ਸੁੱਟੇ।
ਸ਼ਾਹ ਮੁਹੰਮਦਾ ਸਿੰਘਾਂ ਨੇ ਗੋਰਿਆਂ ਦੇ,
ਵਾਂਗ ਨਿੰਬੂਆਂ ਲਹੂ ਨਿਚੋੜ ਸੁੱਟੇ।90।

---

1. 'ਫੋੜ' 2. 'ਆਇਆ' 3. 'ਪੱਗਾਂ' 4. 'ਵੇਲੇ ਫਜ਼ਰ ਦੇ ਹੋਇਆ'
5. 'ਦੌੜ' 6. 'ਪਾਸੜੇ', 'ਪਾਸਣੇ' 7. 'ਮਾਘੇ ਖਾਂ ਤੇ ਮੇਵਾ ਸਿੰਘ' 8. 'ਸ਼ਿਆਮ'
9. 'ਮਾਰ'

ਪਏ ਬਾਂਵਿਓਂ ਹੋਇ[1] ਕੇ ਫੇਰ ਗੋਰੇ,
ਫਰਾਂਸੀਸ ਤੇ ਜਿੱਥੇ ਸੀ ਚਾਰ ਯਾਰੀ ।
ਕੁੰਡਲ ਘੱਤਿਆ ਵਾਂਗੂ ਕਮਾਨ ਗੋਸ਼ੇ,
ਬਣੀ ਆਣ ਸਰਦਾਰਾਂ ਨੂੰ [2]ਬਿਪਤ ਭਾਰੀ[2] ।
ਤੇਜਾ ਸਿੰਘ ਸਰਦਾਰ ਪੁਲ ਵੱਢ ਦਿੱਤਾ,
ਘਰੀਂ ਨੱਸ ਨਾ ਜਾਇ ਇਹ ਫ਼ੌਜ ਸਾਰੀ ।
ਸ਼ਾਹ ਮੁਹੰਮਦਾ ਮਰਨ ਸ਼ਹੀਦ ਹੋ ਕੇ,
ਅਤੇ ਜਾਨ ਨਾ ਕਰਨਗੇ ਮੂਲ[3] ਪਿਆਰੀ ।91।

ਜੰਗ ਹਿੰਦ ਪੰਜਾਬ ਦਾ ਹੋਣ ਲੱਗਾ,
ਦੋਵੇਂ ਪਾਤਸ਼ਾਹੀ ਫ਼ੌਜਾਂ ਭਾਰੀਆਂ ਨੀ ।
ਅੱਜ ਹੋਵੇ ਸਰਕਾਰ ਤਾਂ ਮੁੱਲ ਪਾਵੇ,
ਜੇੜ੍ਹੀਆਂ ਖ਼ਾਲਸੇ ਨੇ ਤੇਗ਼ਾਂ ਮਾਰੀਆਂ ਨੀ ।
ਘੋੜੇ[4] ਆਦਮੀ ਗੋਲਿਆਂ[5] ਨਾਲ ਉੱਡਣ,
ਹਾਥੀ ਡਿਗਦੇ ਸਣੇ ਅੰਬਾਰੀਆਂ ਨੀ ।
ਸ਼ਾਹ ਮੁਹੰਮਦਾ ਇਕ ਸਰਕਾਰ ਬਾਝੋਂ,
ਫੌਜਾਂ ਜਿਤ[6] ਕੇ ਅੰਤ ਨੂੰ ਹਾਰੀਆਂ ਨੀ ।92।

ਕਈ ਸੂਰਮੇਂ ਮਾਰ ਕੇ ਮੋਏ ਓਥੇ,
ਜਿਨ੍ਹਾਂ ਹੱਥ ਕੀਤੇ ਤੇਗਾਂ ਨੰਗੀਆਂ ਦੇ ।
ਰਹਿੰਦੇ ਘੇਰ ਕੇ ਵਿਚ ਦਰਿਆਉ ਡੋਬੇ,
[7]ਛੁਰੇ ਮਾਰ ਕੇ[7] ਤੋਪਾਂ ਚੰਗੀਆਂ ਦੇ ।
ਕਹਿੰਦੇ ਨੌਕਰੀ ਕਾਸ ਨੂੰ ਅਸਾਂ ਕੀਤੀ,
ਆਖੇ ਲੱਗ ਕੇ ਸਾਥੀਆਂ ਸੰਗੀਆਂ ਦੇ ।
ਸ਼ਾਹ ਮੁਹੰਮਦਾ [8]ਫੇਰ ਨਾ ਰੱਬ[8] ਲਿਆਵੇ,
[9]ਵਿਚ ਜੰਗ ਦੇ[9] ਨਾਲ ਫਿਰੰਗੀਆਂ ਦੇ ।93।

---

1. 'ਆਣ' 2. 'ਬਹੁਤ ਖੁਆਰੀ' 3. 'ਫੇਰ' 4, 'ਸਣੇ' 5. 'ਗੋਲੀਆਂ'
6. 'ਜੂਝ' 7. 'ਛਰੇ ਮਾਰ ਕੇ ਤੇ', 'ਸ਼ਰੇ ਮਾਰਿਓ ਨੇ' 8. 'ਰਬ ਨਾ ਫੇਰ'
9. 'ਜੰਗ ਵਿਚ ਜੋ'

ਕਈ[1] ਮਾਵਾਂ ਦੇ ਪੁੱਤਰ ਨੇ ਮੋਏ ਉਥੇ,
ਸੀਨੇ ਲਗੀਆਂ ਤੇਜ਼ ਕਟਾਰੀਆਂ ਨੀ ।
ਜਿਨ੍ਹਾਂ ਭੈਣਾਂ ਨੂੰ ਵੀਰ ਨਾ ਮਿਲੇ ਮੁੜ ਕੇ,
ਪਈਆਂ ਰੋਂਦੀਆਂ ਫਿਰਨ ਵਿਚਾਰੀਆਂ ਨੀ ।
ਜੰਗੀ[2] [2]ਜਿਨ੍ਹਾਂ ਦੇ ਸਿਰਾਂ ਦੇ ਮੋਏ ਵਾਲੀ,
ਖੁਲ੍ਹੇ ਵਾਲ ਤੇ [3]ਕਰਨ ਬੇਜ਼ਾਰੀਆਂ[3] ਨੀ ।
ਸ਼ਾਹ ਮੁਹੰਮਦਾ ਬਹੁਤ ਸਰਦਾਰ ਮਾਰੇ,
ਪਈਆਂ ਰਾਜ ਦੇ ਵਿਚ ਖੁਆਰੀਆਂ ਨੀ ।94।

ਲਿਖਿਆ ਤੁਰਤ ਪੈਗ਼ਾਮ ਰਾਣੀ ਜਿੰਦ ਕੌਰਾਂ,
ਕੋਈ ਤੁਸਾਂ ਨੇ ਦੇਰ ਨਹੀਂ ਲਾਵਣੀ ਜੀ ।
ਰਹਿੰਦੀ ਫ਼ੌਜ ਦਾ ਕਰੋ ਇਲਾਜ ਕੋਈ,
ਕਾਬੂ ਤੁਸਾਂ ਬਗ਼ੈਰ ਨਾ ਆਵਣੀ ਜੀ ।
ਮੇਰੀ ਜਾਨ ਦੇ [4]ਅਬ ਹੋ[4] ਤੁਸੀਂ ਰਾਖੇ,
ਪਾਉ ਵਿਚ ਲਾਹੌਰ ਦੇ ਛਾਵਣੀ ਜੀ ।
ਸ਼ਾਹ ਮੁਹੰਮਦਾ ਅਜ ਮੈਂ ਲਿਆ ਬਦਲਾ,
ਅੱਗੇ ਹੋਰ ਕੀ ਰੱਬ ਨੂੰ ਭਾਵਣੀ ਜੀ ।95।

ਪੁਲ ਬੱਧਾ ਫਿਰੰਗੀ[5] ਨੇ ਖ਼ਬਰ ਸੁਣ ਕੇ,
ਲਾਂਘੇ ਪਾਏ ਨੀ ਵਿਚ ਪਲਕਾਰਿਆਂ ਦੇ ।
ਆਏ ਸ਼ਹਿਰ ਲਾਹੌਰ ਨੂੰ [6]ਮਾਰ ਧੌਂਸਾ,[6]
[7]ਵਾਜੇ ਵੱਜਦੇ[7] ਨਾਲ ਨਗਾਰਿਆਂ ਦੇ ।
[8]ਸਾਂਭ ਲਏ ਸਰਕਾਰ ਦੇ ਸਿਲ੍ਹੇਖਾਨੇ,
ਵਾਲੀ ਬਣੇ ਜੋ ਰਾਜ ਦੁਆਰਿਆਂ ਦੇ[8] ।
ਸ਼ਾਹ ਮੁਹੰਮਦਾ ਛੇੜ ਸੀ ਵਿਰਲਿਆਂ ਦੀ,
ਸੋਈ ਪੇਸ਼ ਆਈ ਸਿੰਘਾਂ ਸਾਰਿਆਂ ਦੇ[9] ।96।

---

1. 'ਕੋਈ' 2. 'ਚੰਗੇ' 3. 'ਫਿਰਨ ਵਿਚਾਰੀਆਂ' 4. 'ਰੱਬ ਜਾ' 5. 'ਫਰੰਗੀਆਂ' 6. 'ਖੁਸ਼ੀ ਕਰਦੇ' 7. 'ਵਜਦੇ ਵਾਜਿਆਂ' 8. 'ਅਗੋਂ ਸਭ ਪਠਾਣ ਲੈ ਮਿਲੇ ਨਜ਼ਰਾਂ, ਪਿਛੋਂ ਪੈਂਚ ਆਏ ਮੁਲਖਾਂ ਸਾਰਿਆਂ ਦੇ' । 9. 'ਸ਼ਾਹ ਮੁਹੰਮਦਾ ਆਣ ਲੁਹਾਣ ਲੱਥੇ', 'ਅੱਛੇ ਦੇਸ ਤੇ ਥਾਉ ਟਿਕਾਣਿਆਂ ਦੇ ।'

ਰਾਜਾ ਗਿਆ ਗੁਲਾਬ ਸਿੰਘ ਆਪ ਚੜ੍ਹ ਕੇ,
ਬਾਹੋਂ ਪਕੜ ਲਾਹੌਰ ਲਿਆਂਵਦਾ[1] ਈ।
ਸਾਹਿਬ ਲੋਕ ਜੀ ਅਸਾਂ ਪਰ ਦਇਆ ਕਰਨੀ,
ਉਹ ਤਾਂ ਆਪਣਾ ਕੰਮ ਬਣਾਂਵਦਾ ਈ।
[2]ਦਿੱਤੇ ਕੱਢ[2] ਮਲਵਈ ਦੁਆਬੀਏ ਜੀ,
ਵਿਚੋਂ ਸਿੰਘਾਂ [3]ਦੀ ਫੌਜ[3] ਖਿਸਕਾਂਵਦਾ ਈ।
ਸ਼ਾਹ ਮੁਹੰਮਦਾ ਤਰਫ਼[4] ਪਹਾੜ ਲੈਕੇ,
[5]ਤੁਰਤ ਜੰਮੂ ਨੂੰ ਕੂਚ[5] ਕਰਾਂਵਦਾ ਈ।97।

ਬਣੇ ਮਾਈ ਦੇ ਆਣ ਅੰਗਰੇਜ਼ ਰਾਖੇ,
ਪਾਈ ਛਾਵਣੀ ਵਿਚ ਲਾਹੌਰ ਦੇ ਜੀ।
ਰਕ[6] ਮਾਲਵਾ ਪਾਰ ਦਾ ਮੁਲਕ ਸਾਰਾ,
ਠਾਣਾ ਘੱਤਿਆ ਵਿਚ ਫਿਲੌਰ ਦੇ ਜੀ।
ਲਿਆ ਸ਼ਹਿਰ [7]ਹੁਸ਼ਿਆਰਪੁਰ ਤਲਕ ਸਾਰਾ[7],
ਜਿਹੜੇ ਟਕੇ ਆਵਣ ਨੰਦਾ ਚੋਰ ਦੇ ਜੀ।
ਸ਼ਾਹ ਮੁਹੰਮਦਾ ਕਾਂਗੜਾ ਮਾਰ ਲੀਤਾ[8],
[9]ਉਹਦੇ ਕੰਮ ਗਏ ਸਭੋ[9] ਸੋਰਦੇ ਜੀ।98।

ਰਹਿੰਦਾ ਮੁਲਕ ਫ਼ਿਰੰਗੀ ਦੇ ਪਿਆ ਪੇਟੇ,
ਕੀਤਾ ਹੁਕਮ ਫਿਰੰਗੀਆਂ[10] ਸਾਰਿਆਂ ਨੇ।
ਮਾਈ[11] ਫ਼ੌਜ ਨੂੰ ਚਾਇ[12] ਜਵਾਬ ਦਿੱਤਾ,
ਦਿੱਤੀ ਨੌਕਰੀ ਛੱਡ ਵਿਚਾਰਿਆ ਨੇ।
ਪਿਛੋਂ ਸਾਂਭ ਲੀਤਾ ਮੁਲਕ ਕਾਰਦਾਰਾਂ,
ਬਖਤਾਵਰਾਂ ਤੇ ਨੇਕ ਸਤਾਰਿਆਂ ਨੇ।
ਸ਼ਾਹ ਮੁਹੰਮਦਾ [13]ਏਸ ਰਾਣੀ ਜਿੰਦ ਕੌਰਾਂ[13],
ਤੋੜ ਸੁੱਟਿਆ ਮੁਲਕ ਉਜਾੜਿਆਂ[14] ਨੇ।99।

---

1. 'ਲੈ ਜਾਂਵਦਾ' 2. 'ਕਢ ਦਿਤੇ' 3. 'ਦਾ ਪੈਰ' 4. 'ਸਭ' 5. 'ਕੂਚ ਜੰਮੂ ਨੂੰ ਤੁਰਤ' 6. 'ਰੋਹੀ' 7. 'ਲਾਹੌਰ ਫਿਰੋਜ਼ਪੁਰਾ'—'ਤਲਕ' ਦੀ ਥਾਂ 'ਮੁਲਕ' ਪਾਠਾਂਤਰ ਵੀ ਹੈ 8. 'ਬੈਠਾ' 9. 'ਸਭ ਕੰਮ ਗਏ ਉਸ ਦੇ' 10. 'ਜੋ ਗੋਰਿਆਂ' 11. 'ਸਾਰੀ' 12. 'ਚੁਕ' 13. 'ਲੋਕ ਵੈਰਾਨ ਹੋਏ' 14. 'ਇਜਾਰਿਆਂ'

ਕੀਤਾ ਅਕਲ ਦਾ ਪੇਚ [1]ਸੀ ਜਿੰਦ[1] ਕੌਰਾਂ,
ਮੱਥਾ ਦੋਹਾਂ ਪਾਤਸ਼ਾਹੀਆਂ ਦਾ ਜੋੜਿਆ ਈ।
ਗੁੱਝੀ ਰਮਜ਼ ਕਰ ਕੇ [2]ਆਪ ਰਹੀ[2] ਸੱਚੀ,
ਬਦਲਾ ਤੁਰਤ ਭਰਾਉ ਦਾ ਮੋੜਿਆ ਈ।
[3]ਲਏ ਤੁਰਤ ਮੁਸਾਹਿਬ ਲਪੇਟ ਰਾਣੀ,
ਲਸ਼ਕਰ ਵਿਚ ਦਰਿਆਉ ਦੇ ਰੋੜ੍ਹਿਆ ਈ[3]।
ਸ਼ਾਹ ਮੁਹੰਮਦਾ ਕਰੇ ਜਹਾਨ ਗਲਾਂ,
[4]ਓਹਨਾਂ ਕੁਫ਼ਰ ਮੁਦਈ ਦਾ ਤੋੜਿਆ ਈ[4] ।100।
ਪਿਛੋਂ ਬੈਠ ਕੇ ਸਿੰਘਾਂ ਨੂੰ ਅਕਲ ਆਈ,
ਕਿਹੀ ਚੜ੍ਹੀ ਹੈ ਜ਼ਹਿਰ[5] ਦੀ ਸਾਣ ਮਾਈ।
ਕਿਨ੍ਹਾਂ ਖੁੰਦਰਾਂ ਵਿਚ ਫਸਾਇ ਕੇ ਜੀ,
ਸਾਡੇ ਲਾਹਿ ਸੁੱਟੇ ਤੂੰ[6] ਤਾਂ ਘਾਣ ਮਾਈ।
ਹੱਥ ਧੋਇ ਕੇ [7]ਮਗਰ ਕਿਉਂ ਪਈ ਸਾਡੇ[7],
[8]ਘਰੀਂ ਅਜੇ[8] ਨਾ ਦੇਣੀ[9] ਹੈ ਜਾਣ ਮਾਈ।
ਸ਼ਾਹ ਮੁਹੰਮਦਾ ਖੋਹ[10] ਹਥਿਆਰ ਬੈਠੇ,
ਨਾਲ ਕੁੜਤੀਆਂ ਲਏ ਪਛਾਣ ਮਾਈ ।101।
ਹੁੰਦੇ ਆਏ ਨੀ ਰੰਨਾਂ ਦੇ ਧੁਰੋਂ ਕਾਰੇ,
[11]ਲੰਕਾ ਵਿਚ ਤਾਂ ਰਾਵਣ ਕੁਹਾਇ ਦਿੱਤਾ[11]।
ਕੌਰਵ[12] ਪਾਂਡਵਾਂ ਨਾਲ ਕੀ ਭਲਾ ਕੀਤਾ,
ਠਾਰਾਂ[13] ਖੂਹਣੀਆਂ ਕਟਕ ਮੁਕਾਇ ਦਿੱਤਾ।
ਰਾਜੇ ਭੋਜ ਦੇ [14]ਮੂੰਹ ਲਗਾਮ ਦਿੱਤੀ[14],
ਮਾਰ ਅੱਡੀਆਂ ਹੋਸ਼ ਭੁਲਾਇ ਦਿੱਤਾ।
ਸ਼ਾਹ ਮੁਹੰਮਦਾ ਇਸ [15]ਰਾਣੀ ਜਿੰਦ[15] ਕੌਰਾਂ;
ਸਾਰ ਦੇਸ਼ ਦਾ ਫਰਸ਼ ਉਠਾਇ ਦਿੱਤਾ ।102।

---

1. 'ਰਾਣੀ ਜਿੰਦ', 'ਰਜਿੰਦ' 2. 'ਰਹੀ ਆਪ' 3. 'ਨਾਲੇ ਫੌਜ ਨੂੰ ਤੁਰਤ ਜਵਾਬ ਦਿੱਤਾ, ਓਸ ਕੁਫ਼ਰ ਮੁਦਈ ਦਾ ਤੋੜਿਆ ਈ।' 4. 'ਲਸ਼ਕਰ ਵਿਚ ਦਰਿਆਇ ਦੇ ਬੋੜਿਆਂ ਈ।' 5. 'ਕਹਿਰ' 6. 'ਤੈਂ' 7. 'ਪਈ ਹੈ ਮਗਰ ਸਾਡੇ' 8. 'ਅਜੇ ਘਰੀਂ' 9. 'ਦੇਂਦੀ' 10. 'ਰਹੇ' 11. 'ਰਾਵਣ ਲੰਕਾਂ ਦੇ ਵਿਚ ਮਰਵਾਇ ਦਿੱਤਾ।' 12. 'ਕੌਰੋਂ' 13. 'ਅਠਾਰ੍ਹਾਂ' 14. 'ਉਤੇ ਅਸਵਾਰ ਹੋਈਆਂ' 15. 'ਰਜਿੰਦ'

ਰੱਬ ਚਾਹੇ ਤਾਂ ਕਰੇਗਾ ਮਿਹਰਬਾਨੀ,
ਹੋਇਆ ਸਿੰਘਾਂ ਦਾ ਕੰਮ ਅਰਾਸਤਾ ਈ।
ਵੱਡੀ ਸਾਂਝ ਹੈ ਹਿੰਦੂਆਂ ਮੁਸਲਮਾਨਾਂ,
ਉਨ੍ਹਾਂ[1] ਨਾਲ ਨਾ[2] ਕਿਸੇ ਦਾ ਵਾਸਤਾ ਈ।
ਉਹਦੇ ਨਾਲ ਨਾ ਬੈਠ ਕੇ ਗੱਲ ਕਰਨੀ,
ਖੁਦੀ ਆਪਣੀ ਨਾਲ ਮਹਾਸਤਾ ਈ।
ਸ਼ਾਹ ਮੁਹੰਮਦਾ ਦੌਲਤਾਂ ਜਮ੍ਹਾਂ ਕਰਦਾ,
ਸ਼ਾਹੂਕਾਰ ਦਾ ਜਿਵੇਂ[3] ਗੁਮਾਸ਼ਤਾ ਈ ।103।

ਜਿਹੜੀ ਹੋਈ ਸੋ ਲਈ ਹੈ ਵੇਖ ਅੱਖੀਂ,
ਅਗੇ ਹੋਰ ਕੀ ਬਣਤ ਬਣਾਵਣੀ ਜੀ।
ਇਕ ਘੜੀ ਦੀ ਕੁਝ ਉਮੈਦ ਨਾਹੀਂ,
ਕਿਸੇ ਲਈ ਹਾੜ੍ਹੀ ਕਿਸੇ ਸਾਵਣੀ ਜੀ।
ਨਿਕੇ ਪੰਚ ਹੁਣ ਬੈਠ ਕੇ ਕਰਨ ਗੱਲਾਂ,
[4]ਅਸਾਂ ਡਿੱਠੀ[4] ਫਿਰੰਗੀ ਦੀ ਛਾਵਣੀ ਜੀ।
ਸ਼ਾਹ ਮੁਹੰਮਦਾ ਨਹੀਂ ਮਲੂਮ ਸਾਨੂੰ,
ਅਗੇ ਹੋਰ [5]ਕੇ ਖੇਡ ਖਿਡਾਵਣੀ ਜੀ[5] ।104।

ਸੰਮਤ ਉੱਨੀ ਸੈ ਦੂਸਰਾ ਉਤਰਿਆ[6] ਸੀ,
ਜਦੋਂ ਹੋਇਆ ਫਿਰੰਗੀ ਦਾ ਜੰਗ ਮੀਆਂ।
ਹੈਸੀ ਖੂਨ ਦੀ ਏਹ[7] ਜ਼ਮੀਨ ਪਿਆਸੀ,
ਹੋਈ[8] ਸੁਰਖ ਸ਼ਰਾਬ ਦੇ ਰੰਗ ਮੀਆਂ।
ਧਰਤੀ ਵੱਢ[9] ਕੇ ਧੂੜ ਦੇ ਬਣੇ ਬੱਦਲ,
ਜੈਸੇ ਚੜ੍ਹੇ ਆਕਾਸ਼ ਪਤੰਗ ਮੀਆਂ।
ਸ਼ਾਹ ਮੁਹੰਮਦਾ ਸਿਰਾਂ ਦੀ ਲਾਇ ਬਾਜ਼ੀ,
ਨਹੀਂ ਮੋੜਦੇ ਸੂਰਮੇ ਅੰਗ ਮੀਆਂ ।105।

---

1. 'ਉਹਦੇ' 2. 'ਕੀ' 3. 'ਪੁੱਤਰ' 4. 'ਡਿਠੀ ਅਸਾਂ' 5. 'ਕੀ ਖੇਡ ਰਚਾਵਣੀ ਜੀ' 6. 'ਵਰਤਦਾ' 7. 'ਓਹ' 8. 'ਹੋਇਆ' 9. 'ਉਡ'

PUNJABI UNIVERSITY PATIALA

ਜੰਗਨਾਮਾ
ਸਿੰਘਾਂ ਤੇ ਫਰੰਗੀਆਂ

ਸ਼ਾਹ ਮੁਹੰਮਦ

ਡਾ. ਰਤਨ ਸਿੰਘ ਜੱਗੀ

ਪਬਲੀਕੇਸ਼ਨ ਬਿਊਰੋ
ਪੰਜਾਬੀ ਯੂਨੀਵਰਸਿਟੀ ਪਟਿਆਲਾ

ਅਰਥਾਵਲੀ ਅਤੇ ਟਿੱਪਣੀਆਂ

1. ਅੱਵਲ—ਪਹਿਲਾਂ। ਹਮਦ—ਉਸਤਤ, ਸਿਫ਼ਤ। ਜਨਾਬ—ਮਾਨਯੋਗ, ਹਜ਼ੂਰ, ਸ੍ਰੀਮਾਨ। ਅਲਾਹ—ਰੱਬ, ਪਰਮਾਤਮਾ। ਚੌਦਾਂ ਤਬਕ—ਚੌਦਾਂ ਲੋਕ, ਸੱਤ ਆਕਾਸ਼ ਲੋਕ ਅਤੇ ਸੱਤ ਪਾਤਾਲ ਲੋਕ। ਨਕਸ਼-ਨਿਗਾਰ—ਸਾਜ-ਸੱਜਾ, ਸਜਾਵਟ, ਚਿਤਰਕਾਰੀ। ਸੱਫ—ਚਟਾਈ, ਫੂੜੀ।

2. ਦਗ਼ੇਬਾਜ਼—ਕਪਟੀ, ਧੋਖੇਬਾਜ਼। ਬਾਲ ਵਰੇਸ—ਬਾਲ-ਕਾਲ, ਬਚਪਨ। ਫ਼ੀਲ—ਹਾਥੀ।

3. ਫਿਰੰਗੀ—ਅੰਗ੍ਰੇਜ਼। ਮੁਲਾਕਾਤ—ਮੇਲ ਮਿਲਾਪ, ਦੋਸਤੀ। ਆਫ਼ਾਤ—ਸੰਕਟ, ਮੁਸੀਬਤ।

4. ਮੁਸਾਫਰਾਂ—ਯਾਤਰੀਆਂ, ਪਾਂਧੀਆਂ। ਸ਼ਦਾਦ—ਅਰਬ ਦੇਸ਼ ਦੀ 'ਆਦ' ਕੌਮ ਦਾ ਇਕ ਬਾਦਸ਼ਾਹ ਜਿਸ ਨੇ ਰੱਬ ਹੋਣ ਦਾ ਦਾਹਵਾ ਕੀਤਾ ਸੀ। ਉਸ ਨੇ ਬਹਿਸ਼ਤ (ਸੁਅਰਗ) ਦੇ ਮੁਕਾਬਲੇ ਤੇ ਇਕ ਬਾਗ਼ (ਬਾਗੇ ਇਰਮ) ਬਣਵਾਇਆ, ਪਰ ਉਸ ਵਿਚ ਪ੍ਰਵੇਸ਼ ਕਰਨ ਤੋਂ ਪਹਿਲਾਂ ਹੀ ਘੋੜੇ ਤੋਂ ਡਿਗ ਕੇ ਮਰ ਗਿਆ। ਨਮਰੂਦ—ਬੇਬੀਲੋਨੀਆਂ ਦਾ ਇਕ ਹੰਕਾਰੀ ਬਾਦਸ਼ਾਹ ਜਿਸ ਨੇ ਬੁਤ ਪ੍ਰਸਤੀ ਉਤੇ ਬਹੁਤ ਬਲ ਦਿੱਤਾ ਅਤੇ ਹਜ਼ਰਤ ਇਬਰਾਹੀਮ ਨੂੰ ਅੱਗ ਵਿਚ ਸਾੜਨਾ ਚਾਹਿਆ। ਪਰ ਆਪ ਹੀ ਰੱਬ ਦੇ ਕਹਿਰ ਨਾਲ ਮੱਛਰ ਦੇ ਡੰਗਣ ਨਾਲ ਮਰ ਗਿਆ। ਫਿਰਊਨ—ਮਿਸਰ ਦੇਸ਼ ਦਾ ਇਕ ਹੰਕਾਰੀ ਬਾਦਸ਼ਾਹ ਜਿਸ ਨੇ ਹਜ਼ਰਤ ਮੂਸਾ ਨੂੰ ਬਹੁਤ ਤੰਗ ਕੀਤਾ ਸੀ। ਪਰ ਅੰਤ ਤੇ ਹਜ਼ਰਤ ਮੂਸਾ ਦਾ ਪਿਛਾ ਕਰਦਿਆਂ ਨੀਲ ਦਰਿਆ ਵਿਚ ਡੁਬ ਮੋਇਆ। ਅਕਬਰ—ਮੁਗ਼ਲ ਖਾਨਦਾਨ ਦਾ ਪ੍ਰਸਿੱਧ ਬਾਦਸ਼ਾਹ ਜਿਸ ਨੇ ਪਿਤਾ ਹਮਾਯੂੰ ਤੋਂ ਬਾਦ 50 ਸਾਲ ਭਾਰਤ ਉਤੇ ਰਾਜ ਕੀਤਾ।

5. ਮੁਲਕ—ਦੇਸ਼। ਕੋਟ—ਕਿਲ੍ਹਾ।

6. ਸਰਕਾਰ—ਮਹਾਰਾਜਾ ਰਣਜੀਤ ਸਿੰਘ ਦਾ ਸੂਚਕ ਸ਼ਬਦ। ਚੇਤ ਸਿੰਘ—ਸਰਦਾਰ ਚੇਤ ਸਿੰਘ ਬਾਜਵਾ, ਜੋ ਮਹਾਰਾਜਾ ਖੜਕ ਸਿੰਘ ਦਾ ਨਿਕਟਵਰਤੀ ਮਿਤਰ ਅਤੇ ਸੌਹਰਿਆਂ ਵਲੋਂ ਰਿਸ਼ਤੇਦਾਰ ਸੀ। ਕੌਰ ਸਾਹਿਬ—ਕੰਵਰ

ਨੌਨਿਹਾਲ ਸਿੰਘ ਜੋ ਮਹਾਰਾਜਾ ਖੜਕ ਸਿੰਘ ਦਾ ਪੁੱਤਰ ਸੀ। ਖੜਕ ਸਿੰਘ—ਮਹਾਰਾਜਾ ਰਣਜੀਤ ਸਿੰਘ ਦਾ ਵੱਡਾ ਪੁੱਤਰ ਅਤੇ ਸਿੱਖ ਰਾਜ ਦਾ ਉੱਤਰ-ਅਧਿਕਾਰੀ। ਮੁੱਢ ਕਦੀਮ—ਸ਼ੁਰੂ ਦਾ, ਬਾਲ ਕਾਲ ਤੋਂ। ਕੌਲ-ਕਰਾਰ—ਵਾਹਦਾ, ਪ੍ਰਣ।

7. ਗ਼ਰਕ ਜਾਵੇ—ਨਸ਼ਟ ਹੋ ਜਾਵੇ। ਕੌਰ—ਕੰਵਰ ਨੌਨਿਹਾਲ ਸਿੰਘ। ਨਾਹਕ—ਅਕਾਰਣ, ਬਿਨਾ ਕਿਸੇ ਕਸੂਰ ਦੇ।

8. ਕੌਂਸਲ—ਸਲਾਹਕਾਰ ਸੰਮਤੀ।

9. ਰਜ਼ਾ—ਮਰਜ਼ੀ, ਇੱਛਾ। ਊਧਮ ਸਿੰਘ—ਕੰਵਰ ਨੌਨਿਹਾਲ ਸਿੰਘ ਦਾ ਨਿਘਾ ਮਿਤਰ ਅਤੇ ਰਾਜਾ ਗੁਲਾਬ ਸਿੰਘ ਡੋਗਰੇ ਦਾ ਪੁੱਤਰ, ਜੋ ਡਿਉਢੀ ਦੇ ਛੱਜੇ ਦੇ ਡਿਗਣ ਨਾਲ ਕੰਵਰ ਦੇ ਨਾਲ ਹੀ ਮਰਿਆ ਸੀ।

10. ਫ਼ਿਕਰ—ਚਿੰਤਾ, ਸੋਚ, ਖਿਆਲ।

11. ਰਾਣੀ ਚੰਦ ਕੌਰ—ਮਹਾਰਾਜਾ ਖੜਕ ਸਿੰਘ ਦੀ ਪਤਨੀ ਅਤੇ ਕੰਵਰ ਨੌਨਿਹਾਲ ਸਿੰਘ ਦੀ ਮਾਂ, ਜੋ ਪਤੀ ਦੀ ਮ੍ਰਿਤੂ ਵੇਲੇ ਲਾਹੌਰੋਂ ਬਾਹਰ ਸੀ। ਦਰੇਗ਼—ਸੋਗ, ਦੁਖ, ਅਫ਼ਸੋਸ।

12. ਸ਼ੇਰ ਸਿੰਘ—ਮਹਾਰਾਜਾ ਰਣਜੀਤ ਸਿੰਘ ਦਾ ਦੂਜਾ ਪੁੱਤਰ ਜੋ ਮਹਾਰਾਣੀ ਮਹਿਤਾਬ ਕੌਰ ਦੀ ਕੁਖੋਂ ਪੈਦਾ ਹੋਇਆ ਅਤੇ ਖੜਕ ਸਿੰਘ ਤੋਂ ਬਾਦ ਗੱਦੀ ਉੱਤੇ ਬੈਠਾ। ਨੀਰ—ਜਲ, ਹੰਝੂ। ਕੂਚ ਕੀਤਾ—ਪ੍ਰਸਥਾਨ ਕੀਤਾ। ਵਹੀਰ—ਵਿਚਰਣ ਕਰਨ ਵਾਲਾ ਜਨਸਮੂਹ, ਭੀੜ। ਦਿਲਬਰੀ—ਦੁਖੀ ਵਿਅਕਤੀ ਨੂੰ ਹੌਂਸਲਾ ਬੰਨ੍ਹਾਣਾ। ਦਿਲਗੀਰ—ਦੁਖੀ, ਪਰੇਸ਼ਾਨ।

13. ਸੰਤਰੀ—ਪਹਿਰੇਦਾਰ। ਕਰਾਬੀਨਾਂ—ਛੋਟੀਆਂ ਬੰਦੂਕਾਂ, ਕਾਰਬਾਈਨ। ਰਾਜੇ—ਰਾਜਾ ਧਿਆਨ ਸਿੰਘ।

14. ਦਗ਼ੇਬਾਜ਼ੀਆਂ—ਛਲ-ਕਪਟ, ਧੋਖੇ। ਮੁਸਾਹਿਬ—ਦਰਬਾਰੀ, ਸੰਪਰਕ ਵਿਚ ਆਣ ਵਾਲੇ ਪ੍ਰਤਿਸ਼ਠਿਤ ਵਿਅਕਤੀ। ਰੱਯਤ—ਪ੍ਰਜਾ।

15. ਲਸ਼ਕਰਾਂ—ਫੌਜਾਂ। ਸਰਕਾਰ—ਮਹਾਰਾਜਾ ਰਣਜੀਤ ਸਿੰਘ। ਫਤਿਹ-ਜੰਗੀ—ਰਣ ਵਿਕ੍ਰਮ, ਜੰਗ ਵਿਚ ਜਿਤ ਪ੍ਰਾਪਤ ਕਰਨ ਵਾਲਾ। ਫਤਿਹ ਬੁਲਾਈਏ—ਸਤਿਕਾਰ ਪ੍ਰਗਟ ਕਰੀਏ।

16. ਰੁਖਸਤ—ਛੁੱਟੀ। ਰਫ਼ੂ—ਠੀਕ ਠਾਕ, ਅਨੁਕੂਲ।
17. ਰਾਜੇ—ਰਾਜਾ ਧਿਆਨ ਸਿੰਘ। ਮਾਰੂ ਵਜਦੇ—ਜੰਗੀ ਵਾਜੇ ਵਜਦੇ ਹਨ।
18. ਤੁਰਮ—ਬਿਗਲ। ਫਲੇ—ਪਸਾਰੇ, ਖਿਲਾਰ। ਪੜਤਲਾਂ—ਪਲਟਨਾਂ।
19. ਰਾਣੀ—ਮਹਾਰਾਣੀ ਚੰਦ ਕੌਰ। ਜਿਚ—ਰੜਕ, ਔਖ।
20. ਰਾਣੀਆਂ—ਰਾਣੀ ਚੰਦ ਕੌਰ ਤੇ ਉਸ ਦੀਆਂ ਨੂੰਹਾਂ (ਕੰਵਰ ਨੌਨਿਹਾਲ ਸਿੰਘ ਦੀਆਂ ਪਤਨੀਆਂ)। ਸੰਧਾਵਾਲੀਏ—ਮਹਾਰਾਜਾ ਰਣਜੀਤ ਸਿੰਘ ਦੇ ਰਿਸ਼ਤੇਦਾਰ ਸਰਦਾਰ ਅੱਤਰ ਸਿੰਘ, ਸਰਦਾਰ ਅਜੀਤ ਸਿੰਘ ਅਤੇ ਸਰਦਾਰ ਲਹਿਣਾ ਸਿੰਘ। ਪਧਾਣੀਆਂ—ਪਾਂਧੀਆਂ। ਅਜੀਤ ਸਿੰਘ—ਸ. ਅਤਰ ਸਿੰਘ ਸੰਧਾਵਾਲੀਏ ਦਾ ਭਤੀਜਾ। ਅਲੀ ਅਕਬਰ—ਕਾਬਲ ਦੇ ਬਾਦਸ਼ਾਹ ਅਮੀਰ ਦੋਸਤ ਮੁਹੰਮਦ ਖਾਂ ਦਾ ਪੁੱਤਰ ਜਿਸ ਨੇ ਅੰਗ੍ਰੇਜ਼ਾਂ ਦੀ ਕੁਟਨੀਤੀ ਕਾਰਨ ਗਦੀਓਂ ਉਤਾਰੇ ਅਤੇ ਕੈਦ ਕੀਤੇ ਗਏ ਪਿਤਾ ਨੂੰ ਆਪਣੀ ਵੀਰਤਾ ਅਤੇ ਹਰਮਨ ਪ੍ਰਿਯਤਾ ਦੇ ਫਲਸਰੂਪ ਫਿਰ ਤੋਂ ਗੱਦੀ ਉਤੇ ਪ੍ਰਤਿਸ਼ਠਿਤ ਕੀਤਾ।
21. ਗੋਲੀਆਂ—ਮਹਾਰਾਣੀ ਚੰਦ ਕੌਰ ਦੀਆਂ ਵਿਸ਼ਵਾਸੀ ਸੇਵਿਕਾਵਾਂ ਹੀਰੋ, ਆਸੋ, ਵਸੋ, ਭਰੀ ਮੋਚਨ, ਹਸੋ, ਆਦਿ। ਬੁਘੇ—ਇਕ ਸਰਕਾਰੀ ਅਧਿਕਾਰੀ ਦਾ ਨਾਂ। ਰਾਜੇ—ਰਾਜਾ ਧਿਆਨ ਸਿੰਘ।
22. ਸ਼ਾਹ ਬਿਲਾਵਲ—ਸ਼ਾਲਾਮਾਰ ਬਾਗ ਲਾਹੌਰ ਦੇ ਨੇੜੇ ਇਕ ਸਥਾਨ। ਕਰਾਬੀਨ—ਛੋਟੀ ਬੰਦੂਕ। ਸ਼ਾਹਜ਼ਾਦੇ—ਮਹਾਰਾਜਾ ਸ਼ੇਰ ਸਿੰਘ। ਕਲਾ—ਬੰਦੂਕ ਦਾ ਘੋੜਾ।
23. ਲਹਿਣਾ ਸਿੰਘ—ਇਕ ਸੰਧਾਵਾਲੀਆ ਸਰਦਾਰ। ਕੌਰ—ਮਹਾਰਾਜਾ ਸ਼ੇਰ ਸਿੰਘ ਦਾ ਪੁੱਤਰ ਕੰਵਰ ਪ੍ਰਤਾਪ ਸਿੰਘ। ਹੋਮ—ਤੁਲਾਦਾਨ ਅਤੇ ਯੱਗ।
24. ਰਾਜਾ—ਰਾਜਾ ਧਿਆਨ ਸਿੰਘ।
25. ਗੁਰਮੁਖ ਸਿੰਘ—ਰਾਜਾ ਧਿਆਨ ਸਿੰਘ ਦਾ ਵੈਰੀ ਅਤੇ ਸੰਧਾਵਾਲੀਏ ਸਰਦਾਰਾਂ ਦਾ ਹਮਾਇਤੀ। ਮਿਹਰ ਘਸੀਟਾ—ਸੰਧਾਵਾਲੀਏ ਸਰਦਾਰਾਂ ਦਾ ਕਾਰਦਾਰ। ਸੁਖਨ—ਬੋਲ, ਬਚਨ। ਅੜਦਲੀ—ਅਰਦਲੀ, ਸੇਵਕ। ਦਲੀਪ ਸਿੰਘ—ਮਹਾਰਾਣੀ ਜਿੰਦਾਂ ਦੀ ਕੁਖੋਂ ਪੈਦਾ ਹੋਇਆ ਮਹਾਰਾਜਾ ਰਣਜੀਤ ਸਿੰਘ ਦਾ ਸਭ ਤੋਂ ਛੋਟਾ ਪੁੱਤਰ ਜਿਸ ਦਾ ਜਨਮ 1837 ਈ. ਵਿਚ ਹੋਇਆ ਸੀ।
26. ਰਾਜੇ—ਰਾਜਾ ਧਿਆਨ ਸਿੰਘ। ਸਖਣਾ—ਨਿਰਜਿੰਦ।
27. ਹੀਰਾ ਸਿੰਘ—ਰਾਜਾ ਧਿਆਨ ਸਿੰਘ ਦਾ ਲੜਕਾ ਜੋ ਲਾਹੌਰ ਦਰਬਾਰ ਵਿਚ ਕਾਫੀ ਪ੍ਰਤਿਸ਼ਠਿਤ ਸੀ।

28. ਸੂਰਮਤ—ਸੂਰਬੀਰਤਾ, ਬਹਾਦਰੀ । ਮੈਦਾਨ—ਯੁੱਧ-ਸਥਲ । ਰਾਜਾ—ਰਾਜਾ ਧਿਆਨ ਸਿੰਘ । ਰਯੱਤ—ਪ੍ਰਜਾ, ਜਨਤਾ ।

29. ਦੂੱਲਾ ਭਟੀ—ਭੱਟੀ ਜਾਤ ਦਾ ਇਕ ਅਣਖੀਲਾ ਰਾਜਪੂਤ ਜਿਸ ਨੇ ਅਕਸਰ ਬਾਦਸ਼ਾਹ ਦੀ ਅਧੀਨਗੀ ਮੰਨਣ ਨਾਲੋਂ ਮ੍ਰਿਤੂ ਨੂੰ ਉਤਮ ਸਮਝਿਆ । ਜੈਮਲ ਫਤੇ—ਰਾਣਾ ਉਦੈ ਸਿੰਘ ਦੇ ਦੋ ਰਾਜਪੂਤ ਯੋਧੇ ਜਿਨ੍ਹਾਂ ਨੇ ਚਿਤੌੜ ਦੇ ਕਿਲੇ ਦੀ ਰਖਿਆ ਕਰਦਿਆਂ ਆਪਣੀਆਂ ਜਿੰਦਾਂ ਵਾਰੀਆਂ ਸਨ । ਮੀਰ ਦਾਦ ਚੌਹਾਨ—ਇਕ ਹੱਠੀ ਤੇ ਅਣਖੀਲਾ ਰਾਜਪੂਤ ਸਰਦਾਰ । ਸੱਤਰ—ਜ਼ਨਾਨਖ਼ਾਨਾ, ਇਸਤਰੀਆਂ ਲਈ ਨੀਅਤ ਮਹੱਲ ।

30. ਬੁਰਛਿਆਂ—ਬੇਮੁਹਾਰੇ ਵਿਅਕਤੀਆਂ । ਪਾਣੀਹਾਰ—ਪਾਣੀ ਭਰਨ ਵਾਲੇ, ਅਧੀਨਗੀ ਸਵੀਕਾਰ ਕਰਨ ਵਾਲੇ ।

31. ਲਹਿਣਾ ਸਿੰਘ—ਇਕ ਮਜੀਠੀਆ ਸਰਦਾਰ ਜੋ ਤੋਪਖਾਨੇ ਦਾ ਅਧਿਕਾਰੀ ਸੀ । ਅਕਲ ਦਾ ਕੋਟ—ਬਹੁਤ ਬੁੱਧੀਮਾਨ । ਦੰਗ-ਦਵਾਲ—ਝਗੜੇ ਝੇੜੇ ।

32. ਜਲ੍ਹਾ—ਜਲ੍ਹਾ ਪੰਡਿਤ ਜੋ ਡੋਗਰੀਆਂ ਦਾ ਕੁਲ ਪੁਰੋਹਤ ਅਤੇ ਹੀਰਾ ਸਿੰਘ ਦਾ ਰਾਜਨੈਤਿਕ ਸਲਾਹਕਾਰ ਸੀ । ਖਾਤਰ ਤਲੇ ਨਾ ਲਿਆਣਾ—ਕਿਸੇ ਦੀ ਵੀ ਪਰਵਾਹ ਨਾ ਕਰਨਾ । ਸਰਕਾਰ—ਮਹਾਰਾਜਾ ਦਲੀਪ ਸਿੰਘ ।

33. ਸੁਚੇਤ ਸਿੰਘ—ਰਾਜਾ ਧਿਆਨ ਅਤੇ ਗੁਲਾਬ ਸਿੰਘ ਦਾ ਛੋਟਾ ਭਰਾ ਜੋ ਹੀਰਾ ਸਿੰਘ ਦਾ ਚਾਚਾ ਸੀ । ਲੀਕ—ਕਲੰਕ, ਬਦਨਾਮੀ ।

34. ਜਾਮੇ ਵਿਚ ਨਾ ਸਮਾਣਾ—ਅਤਿਅੰਤ ਖੁਸ਼ ਹੋਣਾ । ਵੱਗਾ ਤੱਗ—ਇਕ-ਦਮ, ਤੁਰਤ । ਮੰਜੀ ਕਾਕੜੀ—ਲਾਹੌਰ ਤੋਂ ਬਾਹਰ ਸ਼ਾਹਦਰੇ ਨੇੜੇ ਇਕ ਸਥਾਨ । ਮੀਆਂ ਮੀਰ—ਲਾਹੌਰ ਦੇ ਨੇੜੇ ਇਕ ਫੌਜੀ ਛਾਵਣੀ ਜਿਸ ਦਾ ਨਾਂ ਗੁਰੂ ਅਰਜਨ ਦੇਵ ਦੇ ਸਮਕਾਲੀ ਇਕ ਸੂਫ਼ੀ ਨਾਲ ਸੰਬੰਧਿਤ ਹੈ ।

35. ਪੜਤਲਾਂ—ਪਲਟਨਾਂ, ਫੌਜੀ ਦਸਤੇ । ਰਾਜਾ—ਰਾਜਾ ਸੁਚੇਤ ਸਿੰਘ । ਮੁਹਾਲ—ਔਖਾ, ਕਠਿਨ । ਡੁਮੇਟੀਆਂ—ਡੂਮਾਂ ਦੀਆਂ ਬੇਟੀਆਂ ।

36. ਸਾਰ—ਲੋਹਾ । ਭੀਮ ਸਿੰਘ ਤੇ ਕੇਸਰੀ ਸਿੰਘ—ਰਾਜਾ ਸੁਚੇਤ ਸਿੰਘ ਦੇ ਨਾਲ ਆਏ ਦੋ ਡੋਗਰੇ ਯੁੱਧ-ਵੀਰ । ਕੱਟਕ—ਫ਼ੌਜ ।

37. ਜਲ੍ਹੇ—ਜਲ੍ਹਾ ਪੰਡਿਤ ਜੋ ਡੋਗਰੀਆਂ ਦਾ ਕੁਲ ਪੁਰੋਹਤ ਅਤੇ ਹੀਰਾ ਸਿੰਘ ਦਾ ਰਾਜਨੈਤਿਕ ਸਲਾਹਕਾਰ ਸੀ । ਤਲਬ—ਤਨਖਾਹ, ਵੇਤਨ । ਬੁਤਕੀਆਂ—ਪੰਜ ਰੁਪਏ ਦੀ ਕੀਮਤ ਦਾ ਇਕ ਸੋਨੇ ਦਾ ਗੋਲਾਕਾਰ ਸਿੱਕਾ ਜਿਹੜਾ ਆਮ ਤੌਰ ਤੇ

ਗੱਲ ਵਿਚ ਪਾਇਆ ਜਾਂਦਾ ਸੀ। ਪੰਜ ਕੌਂਸਲੀ—ਪੰਜ ਫ਼ੌਜੀ ਅਧਿਕਾਰੀਆਂ ਦੀ ਪੰਚਾਇਤ ਜਾਂ ਕਮੇਟੀ।

38. ਮਹਾਵਤ—ਹਾਥੀ ਦੀ ਦੇਖ ਭਾਲ ਕਰਨ ਵਾਲੇ। ਹੌਦੇ—ਹਾਥੀ ਉੱਤੇ ਬੈਠਣ ਲਈ ਪਾਈ ਜਾਣ ਵਾਲੀ ਪਾਲਕੀ। ਅਜਲ—ਮ੍ਰਿਤੂ।

39. ਜਵਾਹਰ ਸਿੰਘ—ਰਾਣੀ ਜਿੰਦਾਂ ਦਾ ਭਰਾ ਜੋ ਹੀਰਾ ਸਿੰਘ ਤੋਂ ਬਾਦ ਮਹਾਰਾਜਾ ਦਲੀਪ ਸਿੰਘ ਦਾ ਵਜ਼ੀਰ ਬਣਿਆ, ਪਰ ਕੰਵਰ ਪਿਸ਼ੌਰਾ ਸਿੰਘ ਦੇ ਕਤਲ ਦੇ ਆਰੋਪ ਵਿਚ ਫੌਜ ਹਥੋਂ ਮਾਰਿਆ ਗਿਆ। ਖਰੂਦ—ਗੜਬੜ, ਹੱਲਾ ਗੁੱਲਾ।

40. ਨਾਲ ਪੈਜ਼ਾਰ—ਜੁਤੀ ਦੇ ਜ਼ੋਰ ਨਾਲ।

41. ਸੁੱਤਰ—ਊਠ।

42. ਖੂਨੀਆਂ—ਕਾਤਲਾਂ। ਸੰਗੀਨ—ਬੰਦੂਕ ਦੇ ਅਗੇ ਲਗਿਆਂ ਛੁਰੀਦਾਰ ਸ਼ਸਤ੍ਰ। ਅੜੁੰਬ ਕੇ—ਵਿੰਨ੍ਹ ਕੇ। ਫ਼ੀਲ—ਹਾਥੀ।

43. ਮਾਈ—ਰਾਣੀ ਜਿੰਦਾ। ਕਨਾਤ—ਖੇਮਾ, ਤੰਬੂ।

44. ਤੋੜੇ—ਸਿਰ ਦੇ ਗਹਿਣੇ।

45. ਤਾਬਿਆ—ਅਧੀਨ, ਅਧੀਨਗੀ ਵਿਚ। ਫਿਰੰਗੀਆਂ—ਅਗ੍ਰੇਜ਼ਾਂ।

46. ਜੁੰਡਿਆਂ—ਸਿਰ ਦੇ ਵਾਲਾਂ ਦੇ ਗੁੱਛੇ। ਵੰਡੀਆਂ—ਹਿੱਸੇ।

47. ਕੁੰਜ ਗੋਸ਼ੇ—ਗੁਪਤ ਰੂਪ ਵਿਚ।

48. ਅਚਾਨਕੀ—ਅਚਨਚੇਤ। ਕਟਕ—ਫ਼ੌਜ, ਸਿਪਾਹੀ। ਤਗਾਦੜੀ—ਤਕਾਜ਼ਾ, ਝਗੜਾ, ਬਿਪਤਾ।

49. ਸੀਖ—ਸਿੰਘ।

50. ਤੁਰਮ—ਬਿਗਲ। ਤੰਬੂਰ—ਜੰਗੀ ਨਗਾਰਾ। ਕਰਨਾਇ ਸੁਤਰੀ—ਊਠਾਂ ਤੇ ਸਜਾਈਆਂ ਤੁਰ੍ਹੀਆਂ। ਬੈਰਕਾਂ—ਛੋਟੇ ਝੰਡੇ ਜਾਂ ਨਿਸ਼ਾਨ। ਕੋਤਲ—ਚੰਗੀ ਕਿਸਮ ਦੇ ਘੋੜੇ। ਸਾਇਬਾਨ—ਸ਼ਾਮੀਆਨੇ, ਛੌਲਦਾਰੀਆਂ। ਮੈਦਾਨ—ਯੁੱਧ-ਭੂਮੀ।

51. ਮਾਈ—ਰਾਣੀ ਜਿੰਦਾਂ। ਤਕਸੀਰ—ਕਸੂਰ, ਦੋਸ਼। ਫਿਰੰਗੀਆਂ—ਅੰਗ੍ਰੇਜ਼ਾਂ। ਬੇ-ਪੀਰ—ਵਿਸ਼ਵਾਸਹੀਨ, ਧੋਖੇਬਾਜ਼। ਵਹੀਰ—ਵਿਚਰਣ ਕਰਨ ਵਾਲੀ ਭੀੜ।

52. ਪੜਤਲਾਂ—ਪਲਟਨਾਂ, ਸੈਨਿਕ ਟੁਕੜੀਆਂ। ਮੋਹਰੇ—ਮੂਹਰੇ, ਸਾਹਮਣੇ; ਅਗੇ। ਤਲਬ—ਤਨਖਾਹ, ਵੇਤਨ।

53. ਫਿਰੰਗੀ—ਅੰਗ੍ਰੇਜ਼।

54. ਦਿਲਬਰੀ—ਦਿਲਾਸਾ, ਤਸੱਲੀ। ਜੇਤ—ਜਿਤ, ਸਫਲਤਾ।

56. ਗੁਰਮਤਾ—ਪ੍ਰਸਤਾਵ ਜਾਂ ਫ਼ੈਸਲਾ ਜੋ ਆਮ ਤੌਰ ਤੇ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਕੀਤਾ ਜਾਂਦਾ ਹੈ। ਵੀਰ ਸਿੰਘ—ਇਕ ਧਾਰਮਿਕ ਵਿਅਕਤੀ ਜਿਸ ਦੇ ਫਿਰੋਜ਼ਪੁਰ ਨੇੜੇ ਸਥਿਤ ਡੇਰੇ ਵਿਚ ਕੰਵਰ ਪਿਸ਼ੌਰਾ ਸਿੰਘ ਅਤੇ ਕੰਵਰ ਕਸ਼ਮੀਰਾ ਸਿੰਘ ਨੇ ਸ਼ਰਨ ਲਈ ਸੀ ਅਤੇ ਜੋ ਹੀਰਾ ਸਿੰਘ ਵਲੋਂ ਘਲੀ ਸੈਨਿਕ ਟੁਕੜੀ ਦੀ ਗੋਲਾਬਾਰੀ ਨਾਲ ਮਾਰਿਆ ਗਿਆ।

57. ਫ਼ਿਰੰਗੀਆਂ—ਅੰਗ੍ਰੇਜ਼ਾਂ ਸਤਰ-ਖਾਨੇ—ਪਰਦੇ ਵਾਲੀ ਥਾਂ, ਅਰਥਾਤ ਜ਼ਨਾਨਖਾਨੇ। ਅਲੀ ਅਕਬਰ ਵੇਖੋ ਬੰਦ 20।

58. ਛੈਲ ਬਾਂਕੇ—ਸੁੰਦਰ ਅਤੇ ਮਸਤ ਵਿਅਕਤਿਤਵ ਵਾਲੇ। ਜਮੂਰ ਖਾਨੇ—ਤੋਪਖਾਨੇ।

59. ਕੂਚ ਕੀਤਾ—ਪ੍ਰਸਥਾਨ ਕੀਤਾ, ਚਾਲੇ ਪਾਏ। ਜੱਲ੍ਹੇ ਵਾਲੀਏ—ਜੰਗ ਵਿਚ ਭਾਗ ਲੈਣ ਵਾਲੇ ਜਲ੍ਹੇ ਵਾਲੀਏ ਸਰਦਾਰ ਰਾਮ ਸਿੰਘ, ਅਮਰ ਸਿੰਘ, ਆਦਿ। ਸਿਕਲ ਕਰਾਂਵਦੇ—ਚਮਕਵਾਂਦੇ ਹਨ, ਲਿਸ਼ਕਵਾਂਦੇ ਹਨ।

60. ਮਜ਼ਹਰ ਅਲੀ—ਤੋਪਖਾਨਾ ਅਸਪੀ (ਘੋੜਿਆਂ ਦੁਆਰਾ ਖਿਚੀਆਂ ਜਾਣ ਵਾਲੀਆਂ ਤੋਪਾਂ) ਦਾ ਕੁਮੇਦਾਨ। ਮਾਘੇ ਖਾਂ—ਛੋਟੀਆਂ ਤੋਪਾਂ ਦਾ ਕੁਮੇਦਾਨ। ਸੁਲਤਾਨ ਮਹਿਮੂਦ—ਭਾਰੀ ਤੋਪਖਾਨੇ ਦੇ ਅਫਸਰ ਦਾ ਨਾਂ। ਇਮਾਮ ਸ਼ਾਹ—ਤੋਪਖਾਨਾ ਅਸਪੀ ਦਾ ਇਕ ਅਫ਼ਸਰ। ਇਲਾਹੀ ਬਖਸ਼ ਪਟੋਲੀ—ਇਕ ਵਿਸ਼ੇਸ਼ ਤੋਪਖਾਨੇ ਦਾ ਅਫਸਰ।

61. ਫਿਰੰਗੀ—ਅੰਗ੍ਰੇਜ਼। ਮੁਹਾਨੀਆਂ—ਆਪ ਹੁਦਰੀਆਂ।

63. ਧਮਕ—ਸੱਟ, ਕਾਂਬਾ।

64. ਅਰਜ਼ੀ—ਬੇਨਤੀ ਪੱਤਰ, ਚਿੱਠੀ। ਨੇਮ—ਸੰਧੀ, ਬਚਨਬੱਧਤਾ।

66. ਪੈਂਚ—ਸਰਪੰਚ, ਆਗੂ। ਪੜਤਲਾਂ—ਪਲਟਨਾਂ। ਚਲੰਤ—ਚਤ੍ਰਤ, ਪ੍ਰਸਿੱਧੀ, ਪ੍ਰਤਿਸ਼ਠਾ। ਵੀਰ ਸਿੰਘ—ਵੇਖੋ ਬੰਦ 56। ਭਟੰਤ—ਸ਼ਾਇਦ 'ਭੂਟਾਨ' ਤੋਂ ਭਾਵ ਹੈ।

67. ਸੁਮਾਰ—ਗਿਣਤੀ। ਜਮੂਰਖਾਨੇ—ਤੋਪਖਾਨੇ। ਦਾਰੂ—ਸ਼ਰਾਬ। ਕੈਫ਼ ਖੁਮਾਰ—ਨਸ਼ੀਲੀ ਮਦਿਰਾ।

68. ਮੁਦਕੀ—ਫਿਰੋਜ਼ਪੁਰ ਦੇ ਨੇੜੇ ਇਕ ਪਿੰਡ ਜਿਥੇ ਅੰਗ੍ਰੇਜ਼ਾਂ ਅਤੇ ਸਿੱਖਾਂ ਦੀ 18 ਦਸੰਬਰ 1845 ਨੂੰ ਜੰਗ ਹੋਈ ਸੀ। ਕਟਕ—ਸੈਨਾ, ਸਿਪਾਹੀ, ਯੋਧੇ। ਸਰਫਾ ਕਰਨਾ—ਸੰਕੋਚ ਜਾਂ ਬਚਾਉ ਕਰਨਾ। ਮੈਦਾਨ—ਯੁੱਧ-ਭੂਮੀ।

69. ਤੇਜਾ ਸਿੰਘ—ਇਕ ਗ਼ਦਾਰ ਸੈਨਾਪਤੀ ਜੋ ਗੁਪਤ ਰੂਪ ਵਿਚ ਅੰਗ੍ਰੇਜ਼ਾਂ ਨਾਲ

ਮਿਲਿਆ ਹੋਇਆ ਸੀ ।

70. ਲਸ਼ਕਰੀਂ—ਸੈਨਾ ਦਲ ਵਿਚ । ਹੁਦੇਦਾਰ—ਅਹੁਦੇਦਾਰ, ਅਧਿਕਾਰੀ ।

71. ਖੇਤ ਰੁਪੇ—ਯੁੱਧ ਸ਼ੁਰੂ ਹੋਇਆ । ਤੋੜਿਆਂ-ਤੋੜੇਦਾਰ ਬੰਦੂਕਾਂ ਵਾਂਗ । ਮੈਦਾਨ—ਯੁੱਧ-ਭੂਮੀ । ਗੰਜ—ਢੇਰ, ਅੰਗ੍ਰੇਜ਼ ਮ੍ਰਿਤਕਾਂ ਦੇ ਢੇਰ ਲਾ ਦਿੱਤੇ । ਟੁੰਡੇ ਲਾਟ—ਅੰਗ੍ਰੇਜ਼ ਗਵਰਨਰ ਜਨਰਲ ਵਲ ਇਸ਼ਾਰਾ ਹੈ । ਨੰਦਨ—ਲੰਡਨ ।

72. ਕਟਕ—ਸੈਨਾ, ਸਿਪਾਹੀ ।

73. ਨੀਰ—ਦਰਿਆ । ਪੱਲੇ—ਨੇੜੇ । ਮੈਗਜ਼ੀਨਾਂ—ਬਾਰੂਦਖਾਨੇ ।

74. ਫਿਰੰਗੀ—ਅੰਗ੍ਰੇਜ਼ । ਫੰਡ—ਫਾਂਟ, ਵਾਛੜ । ਝੰਡ—ਸਿਰ ਦੇ ਵਾਲ, ਭਾਵ ਕਟੇ ਹੋਏ ਸਿਰ ਰੁਲ ਰਹੇ ਸਨ ।

75 ਪਹਾੜਾ ਸਿੰਘ—ਫਰੀਦਕੋਟ ਦਾ ਰਾਜਾ ਜਿਸ ਨੂੰ ਅੰਗ੍ਰੇਜ਼ਾਂ ਦੀ ਸਰਪ੍ਰਸਤੀ ਪ੍ਰਾਪਤ ਸੀ । ਗ਼ੈਰਸਾਲੀ—ਵੈਰ, ਦੁਸ਼ਮਣੀ । ਮਿਰਗ-ਛਾਲੀ—ਹਿਰਨ ਦੀ ਛਾਲ । ਸਿਲੇਖਾਨੇ—ਅਸਲਾਖਾਨੇ ।

76. ਲਾਟਾਂਦਾਰ—ਲਾਟਾਂਵਾਲੇ, ਅੱਗ ਵਰ੍ਹਾਣ ਵਾਲੇ । ਰਾਲ—ਰਵਾਲ, ਧੂੜ । ਕੌਰਵ ਪਾਂਡਵਾਂ—ਮਹਾਂਭਾਰਤ ਨਾਲ ਸੰਬੰਧਿਤ ਯੁੱਧ ਦੇ ਦੋ ਮੁੱਖ ਧੜਿਆਂ ਵਲ ਸੰਕੇਤ ਹੈ । ਤੋਸ਼ੇਖਾਨੇ—ਰਸਦ-ਸਾਮਗ੍ਰੀ ਦੇ ਭੰਡਾਰ ।

77. ਹਰਾਸ—ਹਾਰ ਦਾ ਭੈ, ਡਰ । ਮਿਲਕ—ਜਗੀਰ, ਜ਼ਮੀਨ ।

78. ਜ਼ਹੀਰ—ਆਜਜ਼, ਦੁੱਖੀ । ਕੀਰ—ਕੀੜੇ, ਤੁੱਛ, ਸ਼ੋਹਦੇ । ਭੂਮਨਾ—ਸ਼ਹਿਦ ਦੀਆਂ ਮੱਖੀਆਂ ਦਾ ਸਮੂਹ । ਵਹੀਰ—ਵਿਚਰਣ ਕਰਨ ਵਾਲੀ ਭੀੜ ।

79. ਆਫ਼ਤਾਂ—ਮੁਸੀਬਤਾਂ ।

80. ਚਾਂਦਨੀ—ਸ਼ਾਮੀਆਨਾ । ਕਨਾਤ—ਤੰਬੂ ।

81. ਛਹੀ—ਘਾਤ ਲਾ ਕੇ ।

82. ਰਣਜੋਧ ਸਿੰਘ—ਫਿਲੌਰ ਦਾ ਗਵਰਨਰ ਜਿਸ ਨੇ ਲਾਡਵੇ ਵਾਲੇ ਸ. ਅਜੀਤ ਸਿੰਘ ਨਾਲ ਮਿਲ ਕੇ ਬਦੋਵਾਲ ਦੀ ਲੜਾਈ ਵਿਚ ਅੰਗ੍ਰੇਜ਼ਾਂ ਨੂੰ ਹਰਾਇਆ । ਲਾਡੂਏ ਵਾਲੇ—ਲਾਡਵਾ ਸਰਦਾਰ ਅਜੀਤ ਸਿੰਘ ਜਿਸ ਦੇ ਪਰਿਵਾਰ ਨੂੰ ਅੰਗ੍ਰੇਜ਼ਾਂ ਨੇ ਬਦੋਵਾਲ ਵਿਚ ਕੈਦ ਕਰ ਲਿਆ ਸੀ ।

83. ਮੇਵਾ ਸਿੰਘ—ਇਕ ਸਿੱਖ ਜਰਨੈਲ । ਸ਼ੁਮਾਰ—ਗਿਣਤੀ ।

84. ਮੁਹਕਮ ਦੀਨ—ਜਗਰਾਵਾਂ ਦੇ ਮੁਨਸ਼ੀ ਰੱਜਬ ਅਲੀ ਦਾ ਰਿਸ਼ਤੇਦਾਰ ਅਤੇ ਸਿੱਖ ਸੈਨਾ ਨਾਲ ਕਿਸੇ ਰੂਪ ਵਿਚ ਸੰਬੰਧਿਤ ਵਿਅਕਤੀ । ਸਰਦਾਰ—ਜਨਰਲ ਮੇਵਾ ਸਿੰਘ ਵੱਲ ਸੰਕੇਤ । ਅਰਜ਼ੀ—ਚਿੱਠੀ, ਬੇਨਤੀ ਪੱਤਰ । ਰਸਦ—ਸਾਮਾਨ, ਸਾਮਗ੍ਰੀ ।

85. ਟੁੰਡੇ—ਅੰਗ੍ਰੇਜ਼ ਗਵਰਨਰ ਜਨਰਲ। ਰੌੜ—ਰੜਾ ਮੈਦਾਨ। ਅਬੂਤਬੇਲੇ ਸਿੱਖ ਫੌਜ ਦੇ ਇਕ ਫਰਾਂਸੀਸੀ ਜਰਨੈਲ ਦਾ ਨਾਂ। ਪੜਤਲਾਂ—ਪਲਟਨਾਂ। ਸੌੜ ਸੰਕਟ, ਸਖਤੀ।

86. ਔਝੜੇ ਔਝੜੇ—ਬਿਖੜੇ ਰਾਹ ਤੇ, ਕੁਵਲੇ ਰਾਹ ਤੇ।

87. ਚੰਡਾਲ— ਨੀਚ, ਅੰਗ੍ਰੇਜ਼ਾਂ ਵਲ ਸੰਕੇਤ ਹੈ।

88. ਗੁਰਮਤਾ—ਆਮ ਤੌਰ ਤੇ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਕੀਤਾ ਸਲਾਂਹ ਮਸ਼ਵਰਾ। ਪੇਸ਼—ਸਾਹਮਣੇ। ਮੁਹਤਾਜ—ਅਧੀਨ, ਪਰਤੰਤਰ।

89. ਤੰਬੂਰ—ਜੰਗੀ ਵਾਜੇ, ਨਗਾਰੇ। ਫਤੂਰ—ਰੌਲਾ, ਭਾਜੜ।

90. ਪਾਸੇ ਤੋੜ ਸੁਟੇ—ਸੈਨਿਕ ਪੰਕਤੀ-ਬੱਧਤਾ ਨੂੰ ਤੋੜ ਦਿੱਤਾ। ਮੇਵਾ ਸਿੰਘ—ਵੇਖੋ ਬੰਦ 83। ਮਾਘੇ ਖਾਂ—ਵੇਖੋ ਬੰਦ 60। ਜੋੜ ਵਿਛੋੜ ਸੁੱਟੇ—ਅੰਗ੍ਰੇਜ਼ ਫੌਜ ਦੀ ਤਰਤੀਬ ਭੰਗ ਕਰ ਦਿੱਤੀ।

91. ਫਰਾਂਸੀਸ—ਫਰਾਂਸੀਸੀ ਜਰਨੈਲਾਂ ਅਧੀਨ ਤਿਆਰ ਕੀਤੀ ਗਈ ਖਾਸ ਫੌਜ। ਚਾਰ ਯਾਰੀ—ਘੋੜ ਚੜ੍ਹੇ ਸਰਦਾਰਾਂ ਦਾ ਖਾਸ ਦਸਤਾ। ਕੁੰਡਲ ਘਤਿਆ—ਘੇਰੇ ਵਿਚ ਲੈ ਲਿਆ। ਤੇਜਾ ਸਿੰਘ—ਵੇਖੋ ਬੰਦ 69।

92. ਅੰਬਾਰੀਆਂ—ਹੌਦਿਆਂ। ਸਰਕਾਰ—ਮਹਾਰਾਜਾ ਰਣਜੀਤ ਸਿੰਘ ਵਲ ਸੰਕੇਤ।

93. ਹੱਥ ਕੀਤੇ—ਜੌਹਰ ਵਿਖਾਏ।

94. ਸੀਨੇ—ਛਾਤੀ। ਬੇਜ਼ਾਰੀਆਂ—ਬੇਚੈਨੀ ਜਾਂ ਦੁੱਖ ਪ੍ਰਗਟ ਕਰਨ ਦਾ ਭਾਵ।

95. ਪੈਗ਼ਾਮ—ਸੰਦੇਸ਼, ਸੁਨੇਹਾ।

96. ਫਿਰੰਗੀ—ਅੰਗ੍ਰੇਜ਼। ਸ਼ਿਲ੍ਹੇਖਾਨੇ—ਅਸਲਾਖਾਨੇ।

97. ਗੁਲਾਬ ਸਿੰਘ—ਰਾਜਾ ਧਿਆਨ ਸਿੰਘ ਦਾ ਵੱਡਾ ਭਰਾ ਅਤੇ ਜੰਮੂ ਦਾ ਡੋਗਰਾ ਰਾਜਪੂਤ।

99. ਮਾਈ—ਰਾਣੀ ਜਿੰਦਾਂ। ਕਾਰਦਾਰਾਂ ਸਰਕਾਰੀ ਕਰਮਚਾਰੀ। ਬਖਤਾਵਰਾਂ—ਚੰਗੇ ਭਾਗਾਂ ਵਾਲਿਆਂ। ਨੇਕ ਸਤਾਰਿਆਂ—ਚੰਗੇ ਸਿਤਾਰੇ ਵਾਲਿਆਂ, ਚੰਗੀ ਕਿਸਮਤ ਵਾਲਿਆਂ।

100. ਰਮਜ਼—ਭੇਦ ਦੀ ਗੱਲ, ਮੰਤਵ। ਮੁਸਾਹਿਬ—ਨੇੜੇ ਵਾਲੇ ਸਾਥੀ। ਕੁਫ਼ਰ—ਅਭਿਮਾਨ ਤੋਂ ਭਾਵ। ਮੁਦੱਈ—ਦਾਹਵੇਦਾਰ।

101. ਖੁੰਦਰਾਂ—ਔਕੜਾਂ, ਸਾਜ਼ਿਸ਼ਾਂ।

102. ਖੂਹਣੀਆਂ—ਪੁਰਾਤਨ ਵਿਚਾਰ ਅਨੁਸਾਰ ਇਕ ਸੈਨਿਕ ਖੂਹਣੀ ਵਿਚ 109350 ਪੈਦਲ, 65610 ਘੋੜੇ, 21870 ਹਾਥੀ ਅਤੇ 21870 ਰੱਥ ਹੁੰਦੇ ਹਨ। ਰਾਜਾ ਭੋਜ—ਉਜੈਨ ਦਾ ਮਹਾਪ੍ਰਤਾਪੀ ਅਤੇ ਵਿਦਵਾਨ ਰਾਜਾ ਜਿਸ ਦੀ ਰਾਣੀ ਲੀਲ੍ਹਾਵਤੀ ਨੇ ਉਸ ਨੂੰ ਤ੍ਰੀਆ ਚਲਿਤ੍ਰ ਰਾਹੀਂ ਘੋੜਾ ਬਣਾ ਕੇ ਉਪਰ ਸਵਾਰੀ ਕੀਤੀ। ਫ਼ਰਸ਼ ਉਠਾਣਾ—ਮਰਯਾਦਾ ਖਤਮ ਕਰਨੀ, ਬਰਬਾਦੀ ਕਰਨਾ।

103. ਅਰਾਸਤਾ—ਠੀਕ (ਨਕਾਰਾਤਮਕ ਭਾਵ ਤੋਂ)। ਵਾਸਤਾ—ਸੰਬੰਧ, ਲਗਾਉ। ਖੁਦੀ—ਹਉਮੈ, ਹੰਕਾਰ। ਮਹਾਸਤਾ—ਮਗਰੂਰ, ਘਮੰਡੀ। ਗੁਮਾਸ਼ਤਾ—ਕਾਰਿੰਦਾ, ਮੁਨੀਮ।

104. ਪੱਚ—ਸੰਤਾਨ, ਪੀੜ੍ਹੀ।

105. ਸੁਰਖ—ਲਾਲ।